



ਹੱਕ ਸੱਚ ਦੀ ਆਵਾਜ਼

# ਫਤਿਹ ਟਾਈਮਜ਼

ਰੋਜ਼ਾਨਾ ਡਿਜੀਟਲ ਐਡੀਸ਼ਨ

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਿਹ ।।





ਮੁੱਖ ਸੰਪਾਦਕ
ਸਰਬਜੋਤ ਸਿੰਘ ਸੰਧਾ

ਮੁੱਖ ਸੰਪਾਦਕ ਸਰਬਜੋਤ ਸਿੰਘ ਸੰਧਾ | www.fatehtimesmedia.com | Email- fatehtimes1699@gmail.com

ਰਜਿ ਨੰ : ਪੀ ਬੀ 22000167 | ਫਤਿਹਾਬਾਦ , ਮੰਗਲਵਾਰ 1 ਸਤੰਬਰ 2026 , ਨਾਨਕਸ਼ਾਹੀ 16 ਭਾਦੋਂ , ਸੰਮਤ 558 | ਸਾਲ: 5, ਅੰਕ 116 , ਪੰਨੇ: 4, ਮੁੱਲ: 4 ਰੁਪਏ


## ਕੌਮੀ ਸ਼ਹੀਦ ਭਾਈ ਦਿਲਾਵਰ ਸਿੰਘ ਬੱਬਰ ਦਾ ਸ਼ਹੀਦੀ ਦਿਹਾੜਾ ਸ਼ਰਧਾ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਵਿੱਖੇ ਮਨਾਇਆ ਗਿਆ

ਫਤਿਹ ਟਾਈਮਜ਼

### ਭਾਈ ਦਿਲਾਵਰ ਸਿੰਘ ਬੱਬਰ ਦਾ 31 ਵਾਂ ਸ਼ਹੀਦੀ ਦਹਾੜਾ ਖਾਲਸਾਈ ਜਾਹੋ ਜਹਾਲ ਨਾਲ ਮਨਾਇਆ



ਅੰਮ੍ਰਿਤਸਰ, 31 ਅਗਸਤ (ਸੰਧਾ) ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਐਲਾਨੇ ਕੌਮੀ ਸ਼ਹੀਦ ਭਾਈ ਦਿਲਾਵਰ ਸਿੰਘ ਬੱਬਰ ਦਾ 31 ਵਾਂ ਸ਼ਹੀਦੀ ਦਹਾੜਾ ਖਾਲਸਾਈ ਜਾਹੋ ਜਹਾਲ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਵਿੱਖੇ ਸ਼੍ਰੋਮਣੀ ਕਮੇਟੀ ਅਤੇ ਪੰਥਕ ਜਥੇਬੰਦੀਆਂ ਵਲੋ ਸਾਂਝੇ ਰੂਪ 'ਚ ਮਨਾਇਆ ਗਿਆ। ਭਾਈ ਦਿਲਾਵਰ ਸਿੰਘ ਬੱਬਰ ਨੇ ਆਪਣੇ ਸ਼ਰੀਰ ਨੂੰ ਮੱਨੁਖੀ ਬੰਬ ਬਣਾਕੇ ਮੁੱਖ ਮੰਤਰੀ ਬੇਅੰਤ ਸਿੰਘ ਨੂੰ 1995 ਵਿੱਚ ਚੰਡੀਗੜ੍ਹ ਸਕੱਤਰੇਤ ਵਿੱਚ ਮਾਰ ਦਿੱਤਾ ਸੀ। ਸ੍ਰੀ ਅੰਖਡ ਪਾਠ ਦੇ ਭੋਗ ਉਪਰੰਤ ਰਾਗੀ ਸਿੰਘਾਂ ਨੇ ਰਸ ਭਿੰਨਾ ਕੀਰਤਨ ਕੀਤਾ। ਇਸ ਮੌਕੇ ਤੇ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਾਜਦੀਪ ਸਿੰਘ, ਹੈੱਡ ਗ੍ਰੰਥੀ ਸ੍ਰੀ ਅਕਾਲ ਤਖਤ ਸਾਹਿਬ ਗਿਆਨੀ ਗੁਰਮੁਖ ਸਿੰਘ, ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਅਤੇ ਮੈਨੇਜਰ ਸ੍ਰੀ ਦਰਬਾਰ ਸਾਹਿਬ ਮੇਜਰ ਸਿੰਘ ਨੇ ਸ਼ਹੀਦ ਭਾਈ ਦਿਲਾਵਰ ਸਿੰਘ ਬੱਬਰ ਦੇ ਭਰਾਤਾ ਚਮਕੌਰ ਸਿੰਘ ਅਤੇ ਭਰਜਾਈ ਸ਼ਰਨਜੀਤ ਕੌਰ, ਬੇਅੰਤ ਸਿੰਘ ਭਰਾਤਾ ਸ਼ਹੀਦ ਜਨਰਲ ਸ਼ਬੇਗ ਸਿੰਘ ਤੇ ਦਵਿੰਦਰ ਸਿੰਘ ਭਰਾਤਾ ਸ਼ਹੀਦ ਭਾਈ ਮਹਿੰਗਾ ਸਿੰਘ ਬੱਬਰ ਨੂੰ ਅਤੇ ਮਰਿਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਾਂਡ ਨਾਲ ਸੰਬੰਧਿਤ ਸਮੂਹ ਬੰਦੀ ਸਿੰਘਾ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਉਨ੍ਹਾਂ ਦੇ ਸਿਰੋਪਾਓ ਪ੍ਰੋ ਬਲਜਿੰਦਰ ਸਿੰਘ ਅਤੇ ਬਾਪੂ ਗੁਰਚਰਨ ਸਿੰਘ ਨੂੰ ਦਿੱਤੇ ਗਏ। ਜਥੇਦਾਰ ਵਧਾਵਾ ਸਿੰਘ ਬੱਬਰ ਦਾ ਸਨਮਾਨ ਜਥੇਦਾਰ ਬਖਸ਼ੀਸ਼ ਸਿੰਘ ਨੂੰ ਦਿੱਤਾ ਗਿਆ। ਸਮਾਗਮ ਦੌਰਾਨ ਜਥੇਦਾਰ ਵਧਾਵਾ ਸਿੰਘ ਬੱਬਰ ਦਾ ਸੰਦੇਸ਼ ਮਹਾਂਬੀਰ ਸਿੰਘ ਸੁਲਤਾਨਵਿੰਡ ਨੇ ਸੰਗਤਾਂ ਨੂੰ ਸੁਣਾਇਆ। ਬਾਪੂ ਗੁਰਚਰਨ ਸਿੰਘ ਨੇ ਜਥੇਦਾਰ ਜਗਤਾਰ ਸਿੰਘ ਹਵਾਰਾ ਦਾ ਸੰਦੇਸ਼ ਸੁਣਾਇਆ ।ਸਮਾਗਮ ਵਿੱਚ (ਬਾਕੀ ਸਫਾ 2 ਤੇ)

## ਮਿਹਨਤ ਹੀ ਤੁਹਾਡੀ ਸੱਚੀ ਸਾਥੀ ਹੈ।

### ਸਰਬਜੋਤ ਸਿੰਘ ਸੰਧਾ

ਫਤਿਹ ਟਾਈਮਜ਼ ਸੰਪਾਦਕੀ

ਮਨੁੱਖ ਕੁਦਰਤ ਦੀ ਬਣਾਈ ਉਹ ਸ਼ੈਅ ਹੈ ਜੋ ਮਰਿਆਦਾ ਚ ਰਹੇ ਤਾ ਵਿਕਾਸ ਹੁੰਦਾ ਤੇ ਜੇਕਰ ਮਰਿਆਦਾ ਤੋਂ ਬਾਹਰ ਹੋ ਜਾਵੇ ਫਿਰ ਵਿਨਾਸ਼ ਹੀ ਹੁੰਦਾ । ਇਨਸਾਨ ਆਪਣੀ ਜਿੰਦਗੀ ਵਿਚ ਕੁਝ ਨਾ ਕੁਝ ਕਰਨ ਲਈ ਹਮੇਸ਼ਾ ਤਰਲੋ ਮੱਛੀ ਹੁੰਦਾ ਰਹਿੰਦਾ ਹੈ ਪਰ ਜੇਕਰ ਉਸ ਨੇ ਕੋਈ ਟੀਚਾ ਨਹੀ ਮਿੱਥਿਆ ਤਾ ਉਸਦੀ ਸਾਰੀ ਘਾਲਣਾ ਵਿਅਰਥ ਚਲੇ ਜਾਂਦੀ ਹੈ ਕਿਉਂ ਕਿ ਉਸ ਨੇ ਕੋਈ ਟੀਚਾ ਨਹੀ ਮਿੱਥਿਆ ਹੁੰਦਾ। ਮੰਜਿਲਾਂ ਭਾਵੇਂ ਜਿੰਨੀਆਂ ਮਰਜੀ ਉੱਚੀਆਂ ਹੋਣ ਪਰ ਰਸਤੇ ਤਾਂ ਹਮੇਸ਼ਾਂ ਪੈਰਾਂ ਥੱਲੇ ਹੁੰਦੇ ਨੇ। ਇਨਸਾਨ ਮਿਹਨਤ ਕਰਕੇ ਕਿਸੇ ਵੀ ਟੀਚੇ ਨੂੰ ਹਾਸਲ ਕਰ ਸਕਦਾ ਹੈ ਹਾਂ ਉਸ ਇਨਸਾਨ ਵਲੋਂ ਆਪਣੇ ਟੀਚੇ ਦੀ ਪ੍ਰਾਪਤੀ ਤੱਕ ਸਖਤ ਮਿਹਨਤ ਕਰਦੇ ਰਹਿਣ ਦੀ ਲੋੜ ਹੁੰਦੀ ਹੈ । ਇਸ ਲਈ ਜਿੰਦਗੀ ਨੂੰ ਇਕੱਲਾ ਸਮਾਂ ਲੰਗਾਉਣ ਲਈ ਨਹੀ ਇਕ ਟੀਚਾ ਮਿੱਥ ਕੇ ਜੀਓ ਤਾ ਫਿਰ ਮਿਹਨਤ ਹਮੇਸ਼ਾ ਤੁਹਾਡਾ ਸਾਥੀ ਬਣ ਕੇ ਨਾਲ ਰਹੇਗੀ ।

## 25ਵਾਂ ਰਾਜ-ਪੱਧਰੀ ਸਿਲਵਰ ਜੁਬਲੀ ਸਨਮਾਨ ਸਮਾਰੋਹ ਅਮਿੱਟ ਯਾਦਾਂ ਛੱਡਦਾ ਸੰਪੰਨ

ਫਤਿਹ ਟਾਈਮਜ਼

### ਵੱਖ-ਵੱਖ ਖ਼ੇਤਰ ਦੀਆਂ 70 ਪ੍ਰਸਿੱਧ ਸ਼ਖ਼ਸੀਅਤਾਂ ਨੂੰ ਕੀਤਾ ਲਾਈਫ ਟਾਈਮ ਐਚੀਵਮੈਂਟ ਐਵਾਰਡ ਨਾਲ ਸਨਮਾਨਿਤ




ਅੰਮ੍ਰਿਤਸਰ, 31 ਅਗਸਤ (ਪ ਪ) ਪਿੱਛਲੇ 25 ਸਾਲ ਤੋਂ ਖੇਡ ਖ਼ੇਤਰ ਵਿੱਚ ਆਪਣੀ ਵਿਲੱਖਣ ਪਛਾਣ ਬਣਾਉਣ ਵਾਲੀ ਪੰਜਾਬ ਦੀ ਨਾਮਵਰ ਖੇਡ ਸੰਸਥਾ ਸਰਹੱਦ-ਏ-ਪੰਜਾਬ ਸਪੋਰਟਸ ਕਲੱਬ (ਰਜਿ) ਅੰਮ੍ਰਿਤਸਰ ਨੇ ਆਪਣੇ 25 ਸਾਲ ਸਫ਼ਲਤਾਪੂਰਵਕ ਸੰਪਨ ਕਰਨ ਦੀ ਖੁਸ਼ੀ ਮੌਕੇ ਬੀ.ਐਮ ਰਿਜ਼ੋਟ (ਅਟਾਰੀ ਰੋਡ,ਅੰਮ੍ਰਿਤਸਰ) ਵਿਖੇ ਪ੍ਰਧਾਨ ਗੁਰਿੰਦਰ ਸਿੰਘ ਮੱਟੂ,ਚੈਅਰਮੈਨ ਹਰਦੇਸ ਸ਼ਰਮਾ,ਵਾਇਸ ਚੇਅਰਮੈਨ ਗੁਰਵਿੰਦਰ ਸਿੰਘ ਢਿੱਲੋਂ ਦੀ ਯੋਗ ਅਗਵਾਈ ਹੇਠ 25ਵਾਂ ਰਾਜ-ਪੱਧਰੀ ਸਿਲਵਰ ਜੁਬਲੀ ਸਨਮਾਨ ਸਮਾਰੋਹ ਕਰਵਾਇਆ ਗਿਆ ।ਇਸ ਮੌਕੇ ਮੁੱਖ ਮਹਿਮਾਨ ਪੀਸੀਐਸ ਸ਼੍ਰੀ.ਰਾਜੇਸ਼ ਸ਼ਰਮਾ,ਖੇਡ ਪ੍ਰੋਮੋਟਰ ਅਤੇ ਵਾਇਸ ਚੇਅਰਮੈਨ, ਮਖਤੂਲ ਸਿੰਘ ਔਲਖ ਅਤੇ ਸਮਾਜ ਸੇਵਕ ਰਿਤੇਸ਼ ਰਾਣਾ ਨੇ ਖੇਡਾਂ, ਸਿੱਖਿਆ,ਡਾਕਟਰੀ, ਸਮਾਜ ਸੇਵਾ,ਵਾਤਾਵਰਨ ਅਤੇ ਵੱਖ-ਵੱਖ ਖ਼ੇਤਰਾਂ ਵਿੱਚ ਬੇਹਤਰੀਨ ਸੇਵਾਵਾਂ ਪ੍ਰਦਾਨ ਕਰਨ ਵਾਲੀਆਂ 70 ਪ੍ਰਸਿੱਧ ਸਖ਼ਸੀਅਤਾਂ ਨੂੰ ਕੀਤਾ ਲਾਈਫ ਟਾਈਮ ਐਚੀਵਮੈਂਟ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਰਾਜੇਸ਼ ਸ਼ਰਮਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕੇ ਇਸ ਖੇਡ ਸੰਸਥਾ ਦੇ ਪ੍ਰਧਾਨ ਗੁਰਿੰਦਰ ਸਿੰਘ ਮੱਟੂ ਕਿਸੇ ਵੀ ਜਾਣ ਪਛਾਣ ਦੇ ਮੋਹਤਾਜ ਨਹੀਂ ਹਨ । ਇਹ ਸਫਲਤਾ ਕੇਵਲ ਇਕ ਦਿਨ ਵਿਚ ਹੀ ਨਹੀਂ ਬਲਕਿ ਨਿਰੰਤਰ 25 ਸਾਲ ਸੰਘਰਸ਼ ਕਰਕੇ ਇਸ ਮੁਕਾਮ ਨੂੰ ਹਾਸਲ ਕੀਤਾ ਹੈ । ਪਿਛਲੇ ਕਈ ਸਾਲਾਂ ਤੋਂ ਖੇਡਾਂ ਨੂੰ ਪ੍ਰਮੋਟ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਖਿਲਾਫ ਜਾਗਰੂਕ ਕਰਨ ਅਤੇ ਖੇਡਾਂ ਨੂੰ ਪ੍ਰਮੋਟ ਕਰਨ ਲਈ ਕਬੱਡੀ, ਕ੍ਰਿਕੇਟ, ਵਾਲੀਬਾਲ ਅਤੇ ਐਥਲੈਟਿਕਸ ਮੁਕਾਬਲੇ ਕਰਵਾਏ ਜਾਂਦੇ ਹਨ । ਇਸ ਮੌਕੇ ਮਹਿਮਾਨਾਂ ਵੱਲੋਂ 25 ਪੌਂਡ ਦਾ ਕੇਕ ਕੱਟ ਕੇ ਮੇਜਰ ਧਿਆਨ ਚੰਦ ਦੇ ਜਨਮਦਿਨ ਨੂੰ ਸਮਰਪਿਤ ਕੀਤਾ ਅਤੇ ਹਾਕੀ ਉਲੰਪੀਅਨ ਬ੍ਰਿਗੇਡੀਅਰ ਹਰਚਰਨ ਸਿੰਘ (ਅਰਜੁਨਾ ਐਵਾਰਡੀ),ਕੌਮਾਂਤਰੀ ਬਾਸਕਿਟਬਾਲ ਖ਼ਿਡਾਰਨ ਡਾ.ਸੁਮਨ ਸ਼ਰਮਾ, ਕੌਮਾਂਤਰੀ ਐਥਲੀਟ ਡੀਐਸਪੀ ਜ਼ੋਰਾ ਸਿੰਘ,ਕੌਮਾਂਤਰੀ ਐਥਲੀਟ ਡੀਐਸਪੀ ਨਿਸ਼ਾਨ ਸਿੰਘ ਢਿੱਲੋਂ, ਡਾ.ਜਤਿੰਦਰ ਸਿੰਘ ਸਾਬ੍ਹੀ (ਸੀ.ਸਪੋਰਟਸ ਜਰਨਲਿਸਟ ਅਤੇ ਖੇਡ ਲੇਖਕ),ਡਾ.ਸੁਖਦੇਵ ਸਿੰਘ (ਸਾਬਕਾ ਖੇਡ ਮੁੱਖੀ ਗੁਰੂ ਨਾਨਕ (ਬਾਕੀ ਸਫਾ 2 ਤੇ)

## ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੇ ਮੈਨੇਜਰ ਸ੍ਰ ਇਕਬਾਲ ਸਿੰਘ ਮੁਖੀ ਤੇ ਹੋਰ ਮੁਲਾਜ਼ਮਾਂ ਨੂੰ ਸੇਵਾ ਮੁਕਤ ਹੋਣ 'ਤੇ ਕੀਤਾ ਸਨਮਾਨਤ

ਫਤਿਹ ਟਾਈਮਜ਼



ਅੰਮ੍ਰਿਤਸਰ, 31 ਅਗਸਤ (ਸੰਧਾ) ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਇਕਬਾਲ ਸਿੰਘ ਮੁਖੀ, ਸੁਪਰਵਾਈਜ਼ਰ ਸ. ਦਲਜੀਤ ਸਿੰਘ, ਸ/ਸੁਪਰਵਾਈਜ਼ਰ ਸ. ਜਗਜੀਤ ਸਿੰਘ ਸਮੇਤ ਹੋਰ ਕਰਮਚਾਰੀਆਂ ਨੂੰ ਅੱਜ ਸੇਵਾ ਮੁਕਤ ਹੋਣ 'ਤੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ ਤੇ ਹੋਰ ਅਧਿਕਾਰੀਆਂ ਨੇ ਗੁਰੂ ਬਖਸ਼ਿਸ਼ ਸਿਰੋਪਾਓ, ਸ੍ਰੀ ਸਾਹਿਬ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਮਾਡਲ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਸੇਵਾਮੁਕਤ ਹੋਏ ਕਰਮਚਾਰੀਆਂ ਨੇ ਆਪਣੇ ਜ਼ੁੰਮੇ ਲੱਗੀ ਡਿਊਟੀ ਨੂੰ ਪੂਰੀ ਤਨਦੇਹੀ ਨਾਲ ਨਿਭਾਇਆ ਹੈ ਅਤੇ ਆਸ ਕਰਦੇ ਹਾਂ ਕਿ ਭਵਿੱਖ ਵਿਚ ਨਿਸ਼ਕਾਮ ਭਾਵਨਾ ਨਾਲ ਸਿੱਖ ਸੰਸਥਾ ਨੂੰ ਸਹਿਯੋਗ ਕਰਦੇ ਰਹਿਣਗੇ। ਉਨ੍ਹਾਂ ਸੇਵਾ ਮੁਕਤ ਹੋਏ ਮੁਲਾਜ਼ਮਾਂ ਵੱਲੋਂ ਨਿਭਾਈਆਂ ਸੇਵਾਵਾਂ ਦੀ ਸ਼ਲਾਘਾ ਕੀਤੀ ਅਤੇ ਚੰਗੇਰੇ ਭਵਿੱਖ ਲਈ ਅਰਦਾਸ ਕੀਤੀ। ਇਸ ਮੌਕੇ ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਵਧੀਕ ਸਕੱਤਰ ਸ. ਜਸਵਿੰਦਰ ਸਿੰਘ ਜੱਸੀ, ਸ. ਬਿਜੈ ਸਿੰਘ, ਮੀਤ ਸਕੱਤਰ ਸ. ਮਨਜੀਤ ਸਿੰਘ ਤਲਵੰਡੀ, ਸ. ਸੁਖਬੀਰ (ਬਾਕੀ ਸਫਾ 2 ਤੇ)

## ਸਵਾਮੀ ਗੰਗਾ ਨੰਦ ਮਹਾਰਾਜ ਭੂਰੀ ਵਾਲਿਆਂ ਦੀ 42ਵੀਂ ਬਰਸੀ ਸਮਾਗਮ 2 ਤੋਂ ਸ਼ੁਰੂ

ਫਤਿਹ ਟਾਈਮਜ਼

### ਮਹਾਂਪੁਰਸ਼ਾਂ ਦੀ ਸੰਗਤ ਧਰਮੀ ਅਤੇ ਪਰਉਪਕਾਰੀ ਬਣਾਉਂਦੀ ਹੈ-ਭੂਰੀ ਵਾਲੇ



ਸਵਾਮੀ ਬ੍ਰਹਮ ਸਾਗਰ ਜੀ ਭੂਰੀ ਵਾਲੇ, ਸਵਾਮੀ ਗੰਗਾ ਨੰਦ ਜੀ ਭੂਰੀ ਵਾਲੇ, ਸਵਾਮੀ ਸ਼ੰਕਰਾ ਨੰਦ ਜੀ ਭੂਰੀ ਵਾਲੇ

ਮੁੱਲਾਂਪੁਰ ਦਾਖਾ, 31 ਅਗਸਤ (ਦਵਿੰਦਰ ਸਿੰਘ ਲੰਮੇਂ) ਭੂਰੀ ਵਾਲੇ ਭੇਖ ਦੇ ਪਰਮ ਸੰਤ ਸੱਚਖੰਡ ਵਾਸੀ ਸਵਾਮੀ ਗੰਗਾ ਨੰਦ ਮਹਾਰਾਜ ਜੀ ਭੂਰੀ ਵਾਲਿਆਂ ਦੀ 42ਵੀਂ ਬਰਸੀ ਸਬੰਧੀ 5 ਦਿਨਾ ਸਾਲਾਨਾ ਸਮਾਗਮ 2 ਸਤੰਬਰ ਦਿਨ ਬੁੱਧਵਾਰ ਨੂੰ ਧਾਮ ਤਲਵੰਡੀ ਖੁਰਦ ਵਿਖੇ ਆਰੰਭ ਹੋਣਗੇ। ਸਵਾਮੀ ਸ਼ੰਕਰਾ ਨੰਦ ਮਹਾਰਾਜ ਜੀ ਭੂਰੀ ਵਾਲਿਆਂ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਹੋਣ ਵਾਲੇ ਸਮਾਗਮਾਂ ਦੀਆਂ ਤਿਆਰੀਆਂ ਮੁਕੰਮਲ ਹਨ। ਜਾਣਕਾਰੀ ਦਿੰਦਿਆਂ ਸਵਾਮੀ ਓਮਾ ਨੰਦ ਭੂਰੀ ਵਾਲਿਆਂ ਨੇ ਦੱਸਿਆ ਕਿ ਭਾਵੇਂ 8 ਅਗਸਤ ਤੋਂ ਜਗਤ ਗੁਰੂ ਬਾਬਾ ਗਰੀਬਦਾਸ ਮਹਾਰਾਜ ਜੀ ਦੀ ਬਾਣੀ ਦੇ ਸ੍ਰੀ ਅਖੰਡ ਪਾਠਾਂ ਦੀ ਲੜੀ ਆਰੰਭ ਹੈ, ਜਦਕਿ ਮੁੱਖ ਸਮਾਗਮ ਕੱਲ੍ਹ 2 ਸਤੰਬਰ ਨੂੰ ਸ਼ੁਰੂ ਹੋਣਗੇ। ਮੁੱਖ ਸਮਾਗਮਾਂ ਦੀ ਆਰੰਭਤਾ ਮੌਕੇ ਭੂਰੀ ਵਾਲ੍ਹੇ ਭੇਖ ਦੇ ਰਚੇਤਾ ਸਵਾਮੀ ਬ੍ਰਹਮ ਸਾਗਰ ਮਹਾਰਾਜ ਜੀ ਭੂਰੀ ਵਾਲਿਆਂ ਦੇ 164ਵੇਂ ਅਵਤਾਰ ਦਿਹਾੜੇ ਅਤੇ ਸ਼੍ਰੀ ਕ੍ਰਿਸ਼ਨ ਜਨਮ ਅਸ਼ਟਮੀ ਸਬੰਧੀ ਹੋਵੇਗੀ। 4 ਸਤੰਬਰ ਨੂੰ ਸਵੇਰੇ 10 ਵਜੇ ਭੋਗਾਂ ਉਪਰੰਤ ਸਵਾਮੀ ਗੰਗਾ ਨੰਦ ਮਹਾਰਾਜ ਜੀ ਭੂਰੀ ਵਾਲਿਆਂ ਦੇ ਬਰਸੀ ਸਮਾਗਮਾਂ ਸਬੰਧੀ 14ਵੀਂ ਲੜੀ ਆਰੰਭ ਹੋਵੇਗੀ। ਰੋਜ਼ਾਨਾ ਸ਼ਾਮ ਨੂੰ ਸੰਧਿਆ ਆਰਤੀ ਅਤੇ ਸੰਤ ਸਮਾਗਮ ਹੋਣਗੇ। 5 ਸਤੰਬਰ ਨੂੰ ਸਵੇਰੇ 10 ਵਜੇ ਦੂਰ ਦੁਰਾਡੇ ਤੋਂ ਪੁੱਜੇ ਸਾਧੂ ਸਾਧਵੀਆਂ ਦੀ ਪੂਜਾ ਹੋਵੇਗੀ। ਇਸ ਦੇ ਨਾਲ ਹੀ ਸ਼ਾਮ 5 ਵਜੇ ਨਵੇਂ ਛੱਤਰੀ ਸਾਹਿਬ 'ਚ ਕੀਰਤਨ ਦਰਬਾਰ ਦੀ ਆਰੰਭਤਾ ਹੋਵੇਗੀ। 6 ਸਤੰਬਰ ਨੂੰ ਦੁਪਹਿਰ 1 ਵਜੇ ਸਮਾਗਮਾਂ ਦੀ ਸਮਾਪਤੀ ਹੋਵੇਗੀ।

ਸਵਾਮੀ ਸੰਕਰਾ ਨੰਦ ਭੂਰੀ ਵਾਲਿਆਂ ਨੇ ਕਿਹਾ ਕਿ ਸੰਤਾਂ ਦੀ ਸੰਗਤ ਮਨੁੱਖ ਨੂੰ ਧਰਮੀ ਤੇ ਪਰਉਪਕਾਰੀ ਬਣਾਉਂਦੀ ਹੈ, ਅਜਿਹੀ ਵਡਿਆਈ ਲਈ ਮਨੁੱਖਾ ਪ੍ਰਾਣੀ ਨੂੰ ਸੁੱਧ ਭਾਵ ਰੱਖਣਾ ਪੈਂਦਾ ਹੈ। ਮਹਾਂਪੁਰਸ਼ ਮਨੁੱਖਤਾ ਨੂੰ ਗੁਰਬਾਣੀ ਅਨੁਸਾਰ ਉੱਚਾ ਤੇ ਸੁੱਚਾ ਜੀਵਨ ਜਿਉਣ ਦੀ ਜਾਂਚ ਦਿੰਦੇ ਹਨ। ਸੰਤ ਆਪਣੇ ਸਵਾਰਥ ਲਈ ਨਹੀਂ ਸਗੋਂ ਦੁਨੀਆ ਦੇ ਭਲੇ ਲਈ ਵਿਚਰਦੇ ਹਨ। ਇਨ੍ਹਾਂ ਸਮਾਗਮਾਂ 'ਚ ਵੱਖ-ਵੱਖ ਸੰਪਰਦਾਵਾਂ ਦੇ (ਬਾਕੀ ਸਫਾ 2 ਤੇ)


LIC
ਭਾਰਤੀਯ ਜੀਵਨ ਬੀਮਾ ਨਿਗਮ
LIFE INSURANCE CORPORATION OF INDIA

ਬੀਮਾ ਸੇਵਾ ਕੇਂਦਰ

ਬੱਚਿਆਂ ਲਈ ਐਜੂਕੇਸ਼ਨ ਬੀਮਾ ਪੌਲਸੀ,
ਲੜਕੀਆਂ ਲਈ ਕੰਨਿਆਦਾਨ ਪੌਲਸੀ,
ਬੁਢਾਪਾ ਪੈਨਸ਼ਨ ਸਕੀਮ,ਮਨੀ ਬੈਕ ਪੌਲਸੀ,
ਰੋਜ਼ਾਨਾ ਬਚਤ ਪੌਲਸੀ,ਕਰੋੜਪਤੀ ਸਕੀਮ।

ਡੈਥ ਕਲੇਮ,ਮਚਿਉਰਟੀ ਜਾ ਫਿਰ ਹੋਰ
ਐਲ ਆਈ ਸੀ ਸੇਵਾ ਲਈ ਸੰਪਰਕ ਕਰੋ:
ਐਸ ਐਸ ਸੰਧਾ ਮੋ:9988537575

ਅਖ਼ਬਾਰਾਂ ਵਿਚ ਨਾਮ ਬਦਲੀ,ਬੇਦਖ਼ਲੀ ਨੋਟਿਸ,ਟਿਊਬਵੈਲ
ਕੁਨੈਕਸ਼ਨ ਅਤੇ ਹੋਰ ਇਸ਼ਤਿਹਾਰ ਦੇਣ ਵੀ ਲਈ ਸੰਪਰਕ ਕਰੋ।

ਸਫਾ 1 ਦੀ ਬਾਕੀ

## ਕੌਮੀ ਸ਼ਹੀਦ ਭਾਈ ਦਿਲਾਵਰ ਸਿੰਘ ਬੱਬਰ ਦਾ ਸ਼ਹੀਦੀ ਦਿਹਾੜਾ...

ਫਤਿਹ ਟਾਈਮਜ਼ ਵਿੱਚ ਅੰਖਡ ਕੀਰਤਨੀ ਜਥੇ ਤੋਂ ਇਲਾਵਾ, ਜਥੇਦਾਰ ਹਵਾਰਾ ਕਮੇਟੀ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਦਮਦਮੀ ਟਕਸਾਲ , ਭਿੰਡਰਾਵਾਲਾ ਸਿੱਖ ਯੂਥ ਫੈਡਰੇਸਨ, ਅਕਾਲੀ ਦਲ ਵਾਰਿਸ ਪੰਜਾਬ, ਦਲ ਖਾਲਸਾ ਆਦਿ ਨੇ ਹਿੱਸਾ ਲਿਆ। ਉਪਰੰਤ ਗੁਰਦੁਆਰਾ ਸ਼ਹੀਦ ਗੰਜ ਦੇ ਵੱਡੇ ਹਾਲ ਵਿੱਚ ਕਵੀਸ਼ਰਾਂ ਨੇ ਸ਼ਹੀਦ ਦਿਲਾਵਰ ਸਿੰਘ ਨੂੰ ਸ਼ਰਧਾਂਜਲੀ ਦਿੱਤੀ ਅਤੇ ਵੱਡੀ ਗਿਣਤੀ ਵਿੱਚ ਸ਼ਹੀਦ ਸਿੰਘਾਂ ਦੇ ਪਰਿਵਾਰਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਜੱਥੇਦਾਰ ਬਖਸ਼ੀਸ਼ ਸਿੰਘ, ਪ੍ਰੋ ਬਲਜਿੰਦਰ ਸਿੰਘ, ਭੁਪਿੰਦਰ ਸਿੰਘ ਭਲਵਾਨ, ਬਾਪੂ ਗੁਰਚਰਨ ਸਿੰਘ, ਸਿਮਰਨਜੀਤ ਸਿੰਘ ਮਾਨ, ਹਰਪਾਲ ਸਿੰਘ ਬਲੇਰ, ਮਹਾਂਬੀਰ ਸਿੰਘ ਸੁਲਤਾਨਵਿੰਡ, ਡਾ ਸੁਖਦੇਵ ਸਿੰਘ ਬਾਬਾ, ਬੰਦੀ ਸਿੰਘ ਭਾਈ ਸ਼ਮਸ਼ੇਰ ਸਿੰਘ, ਭਾਈ ਲਖਵਿੰਦਰ ਸਿੰਘ ਨਾਰੰਗਵਾਲ, ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਬਲਵਿੰਦਰ ਸਿੰਘ ਕਾਲਾ, ਬਾਪੂ ਤਰਸੇਮ ਸਿੰਘ, ਭਾਈ ਸਤਨਾਮ ਸਿੰਘ ਖੰਡਾ, ਹਰਮਨਦੀਪ ਸਿੰਘ ਸੁਲਤਾਨਵਿੰਡ, ਪਰਮਜੀਤ ਸਿੰਘ ਟਾਂਡਾ, ਸ਼ਮਸ਼ੇਰ ਸਿੰਘ ਪੱਧਰੀ, ਰਣਜੀਤ ਸਿੰਘ ਦਮਦਮੀ ਟਕਸਾਲ, ਭੁਪਿੰਦਰ ਸਿੰਘ ਛੇ ਜੂਨ, ਜੋਗਿੰਦਰ ਸਿੰਘ, ਰਾਜ ਸਿੰਘ ਨੰਬਰਦਾਰ, ਨਰਿੰਦਰ ਸਿੰਘ ਗਿੱਲ, ਗੁਰਜੰਟ ਸਿੰਘ, ਰਘਬੀਰ ਸਿੰਘ ਭੁੱਚਰ, ਸਤਜੋਤ ਸਿੰਘ ਮੂਧਲ, ਗਿਆਨੀ ਤੇਜਬੀਰ ਸਿੰਘ ਟਕਸਾਲ, ਦਰਸ਼ਨ ਸਿੰਘ ਸਤਕੋਹਾ, ਦਲਜੀਤ ਸਿੰਘ ਗਿੱਲ, ਬਲਬੀਰ ਸਿੰਘ ਘਣੂਪੁਰ, ਧਰਮ ਸਿੰਘ ਬਾਬਾ, ਪਰਮਜੀਤ ਸਿੰਘ ਗਾਜ਼ੀ, ਦਇਆ ਸਿੰਘ, ਬਲਵਿੰਦਰ ਸਿੰਘ ਝਬਾਲ, ਅਮਰੀਕ ਸਿੰਘ ਈਸੜੂ, ਜਰਨੈਲ ਸਿੰਘ ਸ਼ਖੀਰਾ, ਜਸਪਾਲ ਸਿੰਘ ਨਵਾਂਪਿੰਡ, ਪ੍ਰਤਾਪ ਸਿੰਘ ਕਾਲੀਆਂ ਕੋਚ, ਅਮਨਦੀਪ ਸਿੰਘ ਸੰਮਤੀ ਮੈਂਬਰ, ਪ੍ਰੇਮ ਸਿੰਘ ਸਰਪੰਚ ਸਤਕੋਹਾ, ਸੁਖਰਾਜ ਸਿੰਘ ਸੁਲਤਨਵਿੰਡ, ਜੁਗਰਾਜ ਸਿੰਘ ਪੱਟੀ, ਹਰਨੇਕ ਸਿੰਘ, ਬਲਰਾਜ ਸਿੰਘ, ਪ੍ਰਤਾਪ ਸਿੰਘ ਫੌਜੀ ਆਦਿ ਹਾਜ਼ਰ ਸਨ।

ਸਫਾ 1 ਦੀ ਬਾਕੀ

## ਸਵਾਮੀ ਗੰਗਾ ਨੰਦ ਮਹਾਰਾਜ ਭੂਰੀ ਵਾਲਿਆਂ ਦੀ 42ਵੀਂ ਬਰਸੀ....

ਫਤਿਹ ਟਾਈਮਜ਼ ਦੇ ਸੰਤ ਮਹਾਂਪੁਰਸ਼, ਰਾਜਨੀਤਿਕ ਆਗੂ, ਗੁਣੀ ਗਿਆਨੀ, ਰਾਗੀ, ਢਾਡੀ-ਕਵੀਸਰੀ ਜਥੇ ਪੁੱਜਣਗੇ। ਸਮਾਗਮਾਂ ਦੀ ਸਫਲਤਾ ਲਈ ਸਵਾਮੀ ਹੰਸਾ ਨੰਦ ਧਾਮ ਗੰਗੋਤਰੀ, ਸਵਾਮੀ ਬਲਦੇਵ ਦਾਸ, ਭਾਈ ਗੁਰਮੀਤ ਸਿੰਘ ਬੈਂਸ, ਕੁਲਦੀਪ ਸਿੰਘ ਮਾਨ, ਐਡਵੋਕੇਟ ਸਤਵੰਤ ਸਿੰਘ ਤਲਵੰਡੀ, ਮੋਹਣ ਲਾਲ ਪਵਾ, ਚੇਅਰਮੈਨ ਮੋਹਣ ਲਾਲ ਮੋਹਣ ਮਾਜਰਾ, ਡਾ ਅਵਤਾਰ ਸਿੰਘ ਭੱਟੀ, ਗੌਰਵ ਜਗਰਾਉਂ, ਕਰਮਜੀਤ ਸਿੰਘ ਤਲਵੰਡੀ, ਸ਼ਾਮ ਲਾਲ ਆਦੋਆਣਾ, ਜਗਦੇਵ ਸਿੰਘ ਜੱਗਾ ਸੰਘੇੜਾ, ਹਾਕਮ ਸਿੰਘ ਤਲਵੰਡੀ, ਸੱਤਪਾਲ ਸਿੰਘ ਔਜਲਾ, ਬਾਬਾ ਹਰਭਜਨ ਸਿੰਘ ਜੱਸੋਵਾਲ, ਜੋਗਿੰਦਰ ਸਿੰਘ ਤਲਵੰਡੀ, ਕਰਨੈਲ ਸਿੰਘ ਤਲਵੰਡੀ, ਸਰਬਜੀਤ ਸਿੰਘ ਢੰਡਾਰੀ, ਸਵਰਨਜੀਤ ਸਿੰਘ ਕਾਲਾ ਰਕਬਾ, ਨਿਸ਼ਾਨ ਸਿੰਘ ਲੁਧਿਆਣਾ ਅਤੇ ਹਰਜੀਤ ਸਿੰਘ ਬਿੱਟੂ ਆਦਿ ਸ਼ਾਮਲ ਹੋਏ।

ਸਫਾ 1 ਦੀ ਬਾਕੀ

## ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੇ ਮੈਨੇਜਰ ਸ੍ਰ ਇਕਬਾਲ ਸਿੰਘ.....

ਫਤਿਹ ਟਾਈਮਜ਼ ਸਿੰਘ, ਸ. ਸਤਨਾਮ ਸਿੰਘ ਰਿਆੜ, ਜਨਰਲ ਮੈਨੇਜਰ ਸ. ਮੇਜਰ ਸਿੰਘ, ਮੈਨੇਜਰ ਸ. ਨਰਿੰਦਰ ਸਿੰਘ, ਸ. ਰਾਜਿੰਦਰ ਸਿੰਘ ਰੂਬੀ, ਸ. ਸਤਿੰਦਰ ਸਿੰਘ, ਸੁਪ੍ਰਿੰਟੈਂਡੈਂਟ ਸ. ਨਿਸ਼ਾਨ ਸਿੰਘ ਤੇ ਸ. ਮਲਕੀਤ ਸਿੰਘ ਬਹਿੜਵਾਲ, ਇੰਚਾਰਜ ਸ. ਜੋਗੇਸ਼ਵਰ ਸਿੰਘ, ਸ. ਬਲਦੇਵ ਸਿੰਘ, ਸ. ਹਰਜਿੰਦਰ ਸਿੰਘ, ਵਧੀਕ ਮੈਨੇਜਰ ਸ. ਗੁਰਪ੍ਰੀਤ ਸਿੰਘ, ਸ. ਸਤਨਾਮ ਸਿੰਘ ਝਬਾਲ, ਸ. ਬਿਕਰਮਜੀਤ ਸਿੰਘ ਝੰਗੀ, ਸ. ਯੁਵਰਾਜ ਸਿੰਘ, ਸ. ਗੁਰਤਿੰਦਰਪਾਲ ਸਿੰਘ ਕਾਦੀਆਂ, ਸ. ਜਸਬੀਰ ਸਿੰਘ, ਮੈਨੇਜਰ ਸ. ਨਿਸ਼ਾਨ ਸਿੰਘ ਜੱਫਰਵਾਲ, ਸਾਬਕਾ ਮੈਨੇਜਰ ਸ. ਸੁਲੱਖਣ ਸਿੰਘ ਭੰਗਾਲੀ, ਸ. ਸੁਖਰਾਜ ਸਿੰਘ, ਸ. ਜਗਤਾਰ ਸਿੰਘ, ਸ. ਬਲਦੇਵ ਸਿੰਘ ਖੈਰਾਬਾਦ, ਸ. ਮਲਕੀਤ ਸਿੰਘ ਵਰਪਾਲ ਸਮੇਤ ਸੇਵਾ ਮੁਕਤ ਅਧਿਕਾਰੀਆਂ ਦੇ ਪਰਿਵਾਰਕ ਮੈਂਬਰ ਵੀ ਮੌਜੂਦ ਸਨ।

ਸਫਾ 1 ਦੀ ਬਾਕੀ

## 25ਵਾਂ ਰਾਜ-ਪੱਧਰੀ ਸਿਲਵਰ ਜੁਬਲੀ ਸਨਮਾਨ ਸਮਾਰੋਹ ਅਮਿੱਟ ਯਾਦਾਂ ਛੱਡਦਾ ਸੰਪੰਨ

ਫਤਿਹ ਟਾਈਮਜ਼

ਗੁਰੂ ਨਾਨਕ ਦੇਵ ਯੂਨੀਵਰਸਿਟੀ), ਡਾ. ਪ੍ਰਮਪ੍ਰੀਤ (ਡਿਪਟੀ ਡਾਇਰੈਕਟਰ ਸਪੋਰਟਸ, ਰਿਆਤ ਬਹਾਰਾ ਪ੍ਰੋਫੈਸ਼ਨਲ ਯੂਨੀਵਰਸਿਟੀ, ਹੁਸਿਆਰਪੁਰ),ਏਸ਼ੀਅਨ ਮਾਸਟਰ ਖੇਡਾਂ ਰਿਕਾਰਡ ਹੋਲਡਰ ਐਥਲੀਟ ਜਸਪਿੰਦਰ ਸਿੰਘ ਬਾਜਵਾ, ਐਸਪੀ ਪੰਜਾਬ ਪੁਲਿਸ ਕਮਲਜੀਤ ਸਿੰਘ ਔਲਖ਼,ਰੋਪ ਸਕਿੱਪਿੰਗ ਫੈਡਰਸ਼ਨ ਇੰਡੀਆ ਦੇ ਪ੍ਰਧਾਨ ਵਰਸ਼ਾ ਬਾਵਾ, ਬਿਕਰਮਜੀਤ ਸਿੰਘ ਕਾਕਾ (ਜੂਨੀਅਰ ਵਿਸ਼ਵ ਹਾਕੀ ਕੱਪ ਜੇਤੂ),ਕੌਮਾਂਤਰੀ ਪਾਵਰ ਲਿਫਟਰ ਰਮਨਦੀਪ ਕੌਰ),ਕੌਮੀ ਐਥਲੀਟ ਮਾਸਟਰ ਸੁਲਤਾਨ ਸਿੰਘ ਭਿੰਡਰ, ਪ੍ਰਦੀਪ ਕੁਮਾਰ (ਫੁੱਟਬਾਲ ਕੋਚ ਗੁਰੂ ਨਾਨਕ ਦੇਵ ਯੂਨੀਵਰਸਿਟੀ),ਸਵਰਨ ਸਿੰਘ ਸੰਧੂ ਸਾਬਕਾ ਫੁੱਟਬਾਲ ਖਿਡਾਰੀ), ਮਨਦੀਪ ਸਿੰਘ ਸੁਨਾਮ (ਪ੍ਰਸਿੱਧ ਖੇਡ ਲੇਖਕ), ਨੈਨਾਂ ਸ਼ਰਮਾ (ਕੌਮਾਂਤਰੀ ਬਾਕਸਿੰਗ ਖ਼ਿਡਾਰਣ), ਹਰਜੀਤ ਕੌਰ (ਖੇਡ ਅਧਿਆਪਕ ਬ੍ਰਾਈਟ ਲੈਂਡ ਸਕੂਲ, ਕੌਮਾਂਤਰੀ ਕਬੱਡੀ ਖਿਡਾਰੀ ਗੁਰਮੇਲ ਸਿੰਘ (ਸਹਿਜ਼ਾਦਾ ਨੰਦ ਕਾਲਜ ਅੰਮ੍ਰਿਤਸਰ),ਹੀਰਾ ਸਿੰਘ ਬੱਲ ਵੇਟਲਿਫਟਿੰਗ ਕੋਚ,ਡੀਪੀਈ ਸਰਬਜੀਤ ਸਿੰਘ,ਡੀਪੀਈ ਨਵਦੀਪ ਸਿੰਘ,ਪੀਟੀਆਈ ਜਸਵਿੰਦਰ ਸਿੰਘ ਮਾਨਾਵਾਲਾ, ਡੀਪੀਈ ਮਨਪ੍ਰੀਤ ਕੌਰ ਲੈਕਚਰਾਰ ਗੁਰਪ੍ਰੀਤ ਸਿੰਘ ਬਿੱਲਾ,ਲੈਕਚਰਾਰ ਮਨਿੰਦਰ ਸਿੰਘ, ਕੌਮਾਂਤਰੀ ਪਹਿਲਵਾਨ ਕਮਲ ਕਿਸ਼ੋਰ,ਕੱਬਡੀ ਕੋਚ ਹਰਸ਼ਾ ਛੀਨਾ ਰਣਜੀਤ ਸਿੰਘ ਛੀਨਾ,ਨਰਪਿੰਦਰ ਸਿੰਘ ਕੌਮਾਂਤਰੀ ਯੋਗਾ ਕੋਚ,ਸਾਹਿਲ (ਆਰਮ ਰੈਸਲਿੰਗ ਵਰਲਡ ਪੁਲਿਸ ਗੇਮਜ਼ ਚੈਪੀਅਨ), ਕੌਮਾਂਤਰੀ ਬਾਡੀਬਿਲਡਰ ਸਬ ਇੰਸਪੈਕਟਰ ਪੁਲਿਸ ਚਰਨ ਮੋਹਨ,ਜਗਜੀਤ ਸਿੰਘ,ਨਵਤੇਜ ਸਿੰਘ (ਦੋਵੇਂ ਸਵਿਮਿੰਗ ਕੋਚ),ਡੀਪੀਈ ਨਿਸ਼ਾਨ ਸਿੰਘ,ਦਿਲਬਾਗ ਸਿੰਘ ਕਾਹਲੋਂ (ਸਕੈਟਿੰਗ ਕੋਚ ਜਲੰਧਰ) ਸਤਿੰਦਰਬੀਰ ਸਿੰਘ (ਸਾਬਕਾ ਜਿਲ੍ਹਾ ਸਿੱਖਿਆ ਅਫ਼ਸਰ, ਡਾ.ਮੰਗਲ ਸਿੰਘ ਕਿਸ਼ਨਪੁਰੀ, ਪ੍ਰਿੰ.ਰਾਜੇਸ਼ ਪ੍ਰਭਾਕਰ,ਪ੍ਰਿੰ. ਸੁਸ਼ੀਲ ਅਗਰਵਾਲ,ਪ੍ਰਿੰ.ਅਮਰਪ੍ਰੀਤ ਕੌਰ,ਗੁਰਜੀਤ ਕੌਰ (ਪੰਜਾਬੀ ਅਧਿਆਪਕਾ),ਪ੍ਰਿੰ.ਅਮਨ ਸ਼ਰਮਾ, ਪ੍ਰਿੰ.ਚਾਂਦ ਪੁਸ਼ਕਰਨਾ, ਪ੍ਰਿੰ.ਅਮਰਜੀਤ ਕੌਰ,ਲੈਕਚਰਾਰ ਗੁਰਵਿੰਦਰ ਸਿੰਘ,ਰਮੇਸ਼ ਭਨੋਟ ਪ੍ਰਸਿੱਧ ਸਟੇਜ ਸੈਕਟਰੀ,ਦੀਪਕ ਬੱਬਰ, ਜਸਵਿੰਦਰ ਸਿੰਘ ਬਾਵਾ (ਸੀ. ਫੋਟੋਗ੍ਰਾਫਰ ਦਫ਼ਤਰ ਮੁੱਖ ਮੰਤਰੀ ਪੰਜਾਬ),ਗੁਰਦੇਵ ਸਿੰਘ ਸੋਨੂੰ, ਡਾ.ਨਿਰਮਲ ਸਿੰਘ ਆਨੰਦ, ਰੁਪਿੰਦਰ ਸਿੰਘ ਗੋਲਡੀ, ਐਡਵੋਕੇਟ ਗੁਰਪ੍ਰੀਤ ਸਿੰਘ, ਡਾ.ਰਮਨ ਸ਼ਰਮਾ,ਗੁਰਭੇਜ ਸਿੰਘ ਭੇਜਾ ਅਤੇ ਮੈਨੇਜਰ ਹਰਜੀਤ ਸਿੰਘ (ਸਾਰੇ ਸਮਾਜ ਸੇਵਕ) ਨੂੰ ਸਨਮਾਨਿਤ ਕਰਨ ਤੋਂ ਇਲਾਵਾ 8ਵੀਂ,10ਵੀਂ ਅਤੇ 12ਵੀਂ ਦੀ ਮੈਰਿਟ ਹੋਲਡਰ ਅਤੇ ਹੋਣਹਾਰ ਵਿਦਿਆਰਥਣਾਂ ਨੂੰ "ਐਵਾਰਡ ਆਫ਼ ਆਨਰ" ਨਾਲ ਸਨਮਾਨਿਤ ਕੀਤਾ ਗਿਆ ।ਇਸ ਮੌਕੇ ਨਰਿੰਦਰ ਸਿੰਘ,ਬਲਜੀਤ ਕੌਰ, ਬਲਜੀਤ ਸਿੰਘ,ਵੀਨਾ ਮੱਟੂ,ਬਲਜਿੰਦਰ ਸਿੰਘ, ਹਰਪ੍ਰੀਤ ਕੌਰ,ਸ਼ਿਵ ਸਿੰਘ, ਕਿਰਨਦੀਪ ਕੌਰ, ਅਰਸ਼ਪ੍ਰੀਤ ਕੌਰ, ਦਮਨਪ੍ਰੀਤ ਕੌਰ ਅਤੇ ਅਰਲੀਨ ਕੌਰ ਮੌਜੂਦ ਸੀ।ਅਖੀਰ ਵਿੱਚ ਪ੍ਰਧਾਨ ਗੁਰਿੰਦਰ ਸਿੰਘ ਮੱਟੂ ਨੇ ਆਏ ਹੋਏ ਮਹਿਮਾਨਾ ਦਾ ਸਮਾਰੋਹ ਵਿੱਚ ਪੁੱਜਣ ਤੇ ਧੰਨਵਾਦ ਕੀਤਾ।ਮੰਚ ਸੰਚਾਲਣ ਦੀ ਭੂਮਿਕਾ ਸ਼੍ਰੀ ਰਮੇਸ਼ ਭਨੋਟ ਨੇ ਨਿਭਾਈ

## ਪਿੰਡ ਸ਼ੇਰੇਵਾਲ ਦੇ ਦੋ ਦਰਜਨ ਪਰਿਵਾਰ ਆਮ ਆਦਮੀ ਪਾਰਟੀ ਵਿਚ ਸ਼ਾਮਲ

ਫਤਿਹ ਟਾਈਮਜ਼

### 2027 ਵਿਚ ਵੀ 'ਆਪ' ਦੀ ਸਰਕਾਰ ਬਣਨ ਜਾ ਰਹੀ ਹੈ : ਵਿਧਾਇਕਾ ਮਾਣੂਕੇ



ਜਗਰਾਉਂ, 31 ਅਗਸਤ (**ਸੰਜੀਵ ਅਰੋੜਾ**) ਹਲਕਾ ਜਗਰਾਉਂ ਦੇ ਪਿੰਡ ਸ਼ੇਰੇਵਾਲ ਵਿਖੇ ਕਾਂਗਰਸ ਪਾਰਟੀ ਨੂੰ ਅਲਵਿਦਾ ਆਖਕੇ ਦੋ ਦਰਜਨ ਪਰਿਵਾਰ ਸਾਬਕਾ ਸਰਪੰਚ ਗੁਰਦੀਪ ਸਿੰਘ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਅਤੇ ਇੰਨ੍ਹਾਂ ਪਰਿਵਾਰਾਂ ਨੂੰ ਹਲਕਾ ਜਗਰਾਉਂ ਦੇ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਅਤੇ ਪ੍ਰੋਫੈਸਰ ਸੁਖਵਿੰਦਰ ਸਿੰਘ ਨੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਕਰਦਿਆਂ ਵਿਸ਼ਵਾਸ਼ ਦਿਵਾਇਆ ਕਿ ਇੰਨ੍ਹਾਂ ਪਰਿਵਾਰਾਂ ਨੂੰ ਆਮ ਆਦਮੀ ਪਾਰਟੀ ਵਿੱਚ ਪੂਰਾ ਮਾਣ-ਸਨਮਾਨ ਮਿਲੇਗਾ ਅਤੇ ਇੰਨ੍ਹਾਂ ਦੀਆਂ ਸਮੱਸਿਆਵਾਂ ਪਹਿਲ ਦੇ ਅਧਾਰ 'ਤੇ ਹੱਲ ਕੀਤੀਆਂ ਜਾਣਗੀਆਂ। ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਸਾਬਕਾ ਸਰਪੰਚ ਗੁਰਦੀਪ ਸਿੰਘ, ਸਾਬਕਾ ਪੰਚ ਬਲਵੰਤ ਸਿੰਘ, ਗੁਰਚਰਨ ਸਿੰਘ, ਤਰਨਜੀਤ ਸਿੰਘ, ਕੁਲਵੰਤ ਸਿੰਘ, ਹਰਜਿੰਦਰ ਸਿੰਘ, ਗੁਰਨਾਮ ਸਿੰਘ, ਸਵਰਨ ਸਿੰਘ, ਉਜਾਗਰ ਸਿੰਘ, ਗੁਰਸੇਵਕ ਸਿੰਘ, ਸੁਖਵਿੰਦਰ ਸਿੰਘ, ਬਲਦੇਵ ਸਿੰਘ, ਮਨਜੀਤ ਸਿੰਘ, ਕਰਮਪਾਲ ਸਿੰਘ, ਖੰਡਾ ਸਿੰਘ, ਜਰਨੈਲ ਸਿੰਘ, ਰੂਪ ਸਿੰਘ ਰੂਪਾ, ਅਮਰ ਕੌਰ, ਮਨਜੀਤ ਕੌਰ, ਛਿੰਦਰ ਕੌਰ, ਰਾਜਪ੍ਰੀਤ ਕੌਰ, ਕੁਲਵੰਤ ਕੌਰ, ਜੁਗਿੰਦਰ ਕੌਰ, ਮਹਿੰਦਰ ਕੌਰ ਆਦਿ ਦਾ ਸਵਾਗਤ ਕਰਦੇ ਹੋਏ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਨੇ ਆਖਿਆ ਆਮ ਆਦਮੀ ਪਾਰਟੀ ਦੀ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਲਗਾਤਾਰ ਲੋਕ ਪੱਖੀ ਕੰਮ ਕਰ ਰਹੀ ਹੈ ਅਤੇ ਸ਼ਹਿਰਾਂ ਤੇ ਪਿੰਡਾਂ ਦੀ ਨੁਹਾਰ ਬਦਲ ਰਹੀ ਹੈ। ਇਸ ਮੌਕੇ ਉਹਨਾਂ ਦੇ ਨਾਲ ਮਾਰਕੀਟ ਕਮੇਟੀ ਜਗਰਾਉਂ ਦੇ ਚੇਅਰਮੈਨ ਕੁਲਵਿੰਦਰ ਸਿੰਘ ਕਾਲਾ, ਚੇਅਰਮੈਨ ਕੁਲਦੀਪ ਸਿੰਘ ਸ਼ੇਖਦੌਲਤ, ਸਰਪੰਚ ਸੁਖਦੇਵ ਸਿੰਘ ਗਿੱਦੜਵਿੰਡੀ, ਸਰਪੰਚ ਦੇਸਾ ਸਿੰਘ ਬਾਘੀਆਂ, ਸਰਪੰਚ ਰਾਜਦੀਪ ਸਿੰਘ ਮੁਨੱਬਰਪੁਰਾ, ਸਰਪੰਚ ਗੁਰਪ੍ਰੀਤ ਸਿੰਘ ਡਾਂਗੀਆਂ, ਅਮਰਦੀਪ ਸਿੰਘ ਟੂਰੇ, ਚੇਅਰਮੈਨ ਪਰਮਜੀਤ ਸਿੰਘ ਬਹਾਦਰਕੇ, ਮਨਜਿੰਦਰ ਸਿੰਘ ਮੰਡ ਤਿਹਾੜਾ, ਡਾ.ਬਲਵਿੰਦਰ ਸਿੰਘ ਬਾਘੀਆਂ, ਸਰਪੰਚ ਸੁਖਵੀਰ ਸਿੰਘ ਪੱਤੀ ਮੁਲਤਾਨੀ ਤੇ ਗੋਲੂ ਤਿਹਾੜਾ ਆਦਿ ਵੀ ਹਾਜ਼ਰ ਸਨ।

## ਜਗਰਾਉਂ 'ਚ ਬਾਮਸੇਫ ਤੇ ਡਾ.ਬੀ.ਆਰ ਅੰਬੇਡਕਰ ਟਰੱਸਟ ਨੇ ਪ੍ਰਬੰਧ ਭਾਰਤ ਫਾਉਂਡੇਸ਼ਨ ਰਾਹੀਂ ਕਰਵਾਈ ਮੁਕਾਬਲੇ ਦੀ ਪ੍ਰੀਖਿਆ

ਫਤਿਹ ਟਾਈਮਜ਼



ਜਗਰਾਉਂ, 31 ਅਗਸਤ (**ਸੰਜੀਵ ਅਰੋੜਾ**) ਜਗਰਾਉਂ ਦੇ 18 ਸੈਂਟਰਾਂ ਵਿੱਚ ਮੁਕਾਬਲੇ ਦੀ ਪ੍ਰੀਖਿਆ ਕਰਵਾਈ ਗਈ। ਇਹ ਪ੍ਰੀਖਿਆ ਪ੍ਰਬੁੱਧ ਭਾਰਤ ਫਾਉਂਡੇਸ਼ਨ ਡੱਲੇਵਾਲ ਵੱਲੋਂ ਉੱਤਰੀ ਭਾਰਤ ਵਿਚ ਹਰ ਸਾਲ ਕਰਵਾਈ ਜਾਂਦੀ ਹੈ, ਜੋ ਕਿ ਭਾਰਤ ਰਤਨ ਡਾ.ਅੰਬੇਡਕਰ ਜੀ ਦੇ ਜੀਵਨ ਸੰਘਰਸ਼ ਅਤੇ ਉਹਨਾਂ ਦੇ ਕ੍ਰਾਂਤੀਕਾਰੀ ਵਿਚਾਰਾਂ 'ਤੇ ਅਧਾਰਿਤ ਹੁੰਦੀ ਹੈ। ਇਸ ਪ੍ਰੀਖਿਆ ਲਈ ਜਗਰਾਉਂ ਵਿੱਚ ਡਾ. ਸੁਰਜੀਤ ਸਿੰਘ ਦੌਧਰ ਦੀ ਰਹਿਨੁਮਾਈ ਹੇਠ ਅਠਾਰਾਂ ਸਕੂਲਾਂ ਵਿੱਚ ਪ੍ਰੀਖਿਆ ਸੈਂਟਰ ਬਣਾਏ ਗਏ ਸਨ, ਜਿੰਨ੍ਹਾਂ ਵਿੱਚ ਡਾਇਟ ਜਗਰਾਉਂ ਅਤੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਜਗਰਾਉਂ ਵੱਡੇ ਸੈਂਟਰ ਬਣੇ। ਇਸ ਤੋਂ ਇਲਾਵਾ ਲੱਖਾ, ਚਕਰ, ਮਾਣੂਕੇ, ਰਾਮਾ, ਮੱਲ੍ਹਾ, ਰਸੂਲਪੁਰ, ਡੱਲਾ, ਕਾਉਂਕੇ, ਕਿਲੀ ਚਾਹਲਾਂ, ਸਿੰਘਾਂਵਾਲਾ, ਲੀਲਾਂ ਮੇਘ ਸਿੰਘ, ਸਿੱਧਵਾਂ ਬੇਟ, ਬੰਗਸੀਪੁਰਾ, ਕਮਾਲਪੁਰਾ ਅਤੇ ਅਖਾੜਾ ਆਦਿ ਸੈਂਟਰ ਬਣਾਏ ਗਏ। ਇਸ ਪ੍ਰੀਖਿਆ ਦੇ ਜੇਤੂ ਬੱਚਿਆਂ ਨੂੰ ਪੰਜਾਹ ਹਜ਼ਾਰ, ਵੀਹ ਹਜ਼ਾਰ ਅਤੇ ਦਸ ਹਜ਼ਾਰ ਦੇ ਇਨਾਮਾਂ ਤੋਂ ਇਲਾਵਾ ਸੈਂਕੜੇ ਹੋਰ ਹੌਂਸਲਾ ਵਧਾਊ ਇਨਾਮਾਂ ਨਾਲ ਉਤਸ਼ਾਹਿਤ ਕੀਤਾ ਜਾਵੇਗਾ। ਜੇਤੂ ਬੱਚਿਆਂ ਨੂੰ ਸਨਮਾਨਿਤ ਕਰਨ ਤੋਂ ਬਾਅਦ ਕੁਇੰਜ਼ ਮੁਕਾਬਲਾ ਵੀ ਕਰਵਾਇਆ ਜਾਵੇਗਾ ਅਤੇ ਦੁਬਾਰਾ ਵੱਡੀ ਇਨਾਮੀ ਰਾਸ਼ੀ ਨਾਲ ਕੁਇੰਜ਼ ਮੁਕਾਬਲੇ ਦੇ ਜੇਤੂ ਟੀਮਾਂ ਨੂੰ ਸਨਮਾਨਿਤ ਕੀਤਾ ਜਾਏਗਾ। ਇਸ ਤੋਂ ਇਲਾਵਾ ਬਾਮਸੇਫ ਅਤੇ ਡਾ.ਬੀ.ਆਰ ਅੰਬੇਡਕਰ ਵੈਲਫੇਅਰ ਟਰੱਸਟ ਜਗਰਾਉਂ ਵੱਲੋਂ ਤਹਿਸੀਲ ਪੱਧਰੀ ਅਤੇ ਸਕੂਲ ਪੱਧਰ ਤੇ ਜੇਤੂ ਬੱਚਿਆਂ ਨੂੰ ਵੱਖਰੇ ਤੌਰ 'ਤੇ ਸਨਮਾਨਿਤ ਕੀਤਾ ਜਾਏਗਾ। ਅੱਜ ਵੱਡੇ ਪੱਧਰ 'ਤੇ ਕਰਵਾਏ ਗਏ ਮੁਕਾਬਲੇ ਦੀ ਪ੍ਰੀਖਿਆ ਵਿੱਚ ਡਾ.ਬੀ.ਆਰ ਅੰਬੇਡਕਰ ਵੈਲਫੇਅਰ ਟਰੱਸਟ ਜਗਰਾਉਂ ਦੇ ਪ੍ਰਧਾਨ ਰਣਜੀਤ ਸਿੰਘ ਹਠੂਰ ਦੀ ਪ੍ਰਧਾਨਗੀ ਹੇਠ ਡਿਊਟੀ ਦੇਣ ਵਾਲੀ ਟੀਮ ਵਿੱਚ ਪ੍ਰਿੰਸੀਪਲ ਸੁਖਚੈਨ ਸਿੰਘ ਹੀਰਾ, ਈ. ਓ. ਮਨੋਹਰ ਸਿੰਘ, ਸੈਂਟਰ ਹੈਡ ਟੀਚਰ ਪ੍ਰਿਤਪਾਲ ਸਿੰਘ ਆਰਟਿਸਟ, ਡਾ.ਦਿਲਬਾਗ, ਮੈਨੇਜਰ ਜਸਵੰਤ ਰਾਏ, ਸੁਖਮਿੰਦਰ ਸਿੰਘ ਸਦਰਪੁਰਾ, ਮਾ.ਸਤਨਾਮ ਸਿੰਘ ਹਠੂਰ, ਮਾ.ਜਗਸੀਰ ਸਿੰਘ, ਈ. ਓ. ਸੁਖਦੇਵ ਸਿੰਘ, ਲੈਕ.ਗੁਰਪ੍ਰੀਤ ਸਿੰਘ, ਮੈਨੇਜਰ ਬਲਵਿੰਦਰ ਸਿੰਘ ਚੋਪੜਾ, ਮੈਨੇਜਰ ਜਸਵੀਰ ਸਿੰਘ ਭੱਟੀ, ਅਮਰਜੀਤ ਸਿੰਘ ਚੀਮਾ, ਜਗਤਾਰ ਸਿੰਘ ਚੀਮਾ, ਡਾ. ਹਰਪ੍ਰੀਤ ਸਿੰਘ, ਹੈਡ ਮਾਸਟਰ ਸੰਦੀਪ ਸਿੰਘ, ਮਾ.ਅਮਨਪ੍ਰੀਤ ਸਿੰਘ, ਰਵੀ ਜਗਰਾਵਾਂ, ਗੁਰਮੁੱਖ ਸਿੰਘ ਕਾਨੂੰਗੋ, ਜਸਵਿੰਦਰ ਸਿੰਘ ਜਸਵੀ, ਅਮਰਦੀਪ ਰਸੂਲਪੁਰ, ਮਾ.ਗੌਰਵ, ਜੀਤ ਸਿੰਘ ਕਾਉਂਕੇ, ਸੁਨੀਲ ਕੁਮਾਰ, ਡੀਪੀ ਅੰਮ੍ਰਿਤਪਾਲ ਸਿੰਘ, ਲੈਕ.ਜਸਕਰਨ ਸਿੰਘ, ਮਾ.ਰਣਜੀਤ ਮਣੀ, ਹਰਜੀਤ ਸਿੰਘ ਸੁਧਾਰ, ਰਾਜ ਕੌਰ, ਸੁਖਵਿੰਦਰ ਕੌਰ, ਮਾ.ਅਮਨਦੀਪ ਸਿੰਘ, ਮਾ.ਭਜਨ ਸਿੰਘ, ਲੈਕ ਮਨਜਿੰਦਰ ਸਿੰਘ ਖਾਲਸਾ, ਮਾ.ਸੁਖਦੀਪ ਸਿੰਘ ਗਗੜਾ, ਪ੍ਰਿੰਸੀਪਲ ਅਵਤਾਰ ਸਿੰਘ ਚੀਮਾ, ਲੈਕ.ਕੁਲਦੀਪ ਸਿੰਘ ਰਾਏਕੋਟ, ਲੈਕ.ਅਮਰਜੀਤ ਸਿੰਘ ਚੀਮਾ, ਮਾ.ਸਰਬਜੀਤ ਸਿੰਘ ਮੱਲ੍ਹਾ, ਅਮਰ ਨਾਥ, ਕਰਮਜੀਤ ਸਿੰਘ ਢੋਲਣ, ਲੈਕ.ਜਗਰੂਪ ਸਿੰਘ ਅਖਾੜਾ, ਮਾ.ਤੇਜਿੰਦਰ ਸਿੰਘ, ਮਾ.ਸਵਰਨ ਸਿੰਘ, ਸਰਪੰਚ ਦਰਸ਼ਨ ਸਿੰਘ ਪੋਨਾ, ਲੈਕ.ਬਲਜੀਤ ਸਿੰਘ, ਸਿੰਦਰ ਸਿੰਘ, ਲੈਕ. ਭੁਪਿੰਦਰ ਸਿੰਘ ਤੇ ਗੁਰਮੁਖ ਸਿੰਘ ਗਗੜਾ ਆਦਿ ਨੇ ਸਰਗਰਮੀ ਨਾਲ ਡਿਊਟੀਆਂ ਨਿਭਾਈਆਂ। ਆਖਰ ਵਿੱਚ ਡਾ.ਸੁਰਜੀਤ ਸਿੰਘ ਦੌਧਰ, ਪ੍ਰਿੰਸੀਪਲ ਸੁਖਚੈਨ ਸਿੰਘ ਹੀਰਾ, ਆਰਟਿਸਟ ਪ੍ਰਿਤਪਾਲ ਸਿੰਘ ਜਗਰਾਉਂ ਨੇ ਬੱਚਿਆਂ ਨੂੰ ਸੰਬੋਧਨ ਕੀਤਾ ਅਤੇ ਪ੍ਰੀਖਿਆ ਦੀ ਵਧਾਈ ਦਿੱਤੀ। ਬਾਮਸੇਫ ਅਤੇ ਟਰੱਸਟ ਦੇ ਪ੍ਰਧਾਨ ਰਣਜੀਤ ਸਿੰਘ ਹਠੂਰ ਨੇ ਸਭ ਸਹਿਯੋਗੀਆਂ ਦਾ ਧੰਨਵਾਦ ਕੀਤਾ।




ਅਦਾਰਾ ਫਤਿਹ ਟਾਈਮਜ਼ ਦੀ ਪੰਜਵੀਂ ਵਰ੍ਹੇਗੰਢ ਮੌਕੇ ਵਿਸ਼ੇਸ਼ ਇਸ਼ਤਿਹਾਰ

ਅਦਾਰਾ ਫਤਿਹ ਟਾਈਮਜ਼ ਦੀ ਪੰਜਵੀਂ ਵਰ੍ਹੇਗੰਢ ਮੌਕੇ ਵਿਸ਼ੇਸ਼ ਇਸ਼ਤਿਹਾਰ ਪ੍ਰਕਾਸ਼ਿਤ ਕੀਤੇ ਜਾ ਰਹੇ ਹਨ ਇਸ਼ਤਿਹਾਰ ਦੇਣ ਲਈ ਹੇਠ ਦਿੱਤੇ ਨੰਬਰ ਤੇ ਸੰਪਰਕ ਕਰੋ।

ਮੋ:99885-37575

Editor,Owner and Publisher Sarbjot Singh Sandha on behalf of Fateh Times online news and media company Regd:PB22000167,Published from Fateh Times H/O Mankdeka Road , Fatehabad,(Tarntaran) 143407

ਅਦਾਲਤੀ ਸ਼ਿਕਾਇਤਾਂ ਅਤੇ ਝਗੜਿਆਂ ਦਾ ਨਿਪਟਾਰਾ ਕੇਵਲ ਲੋਕਲ ਸਬ ਡਵੀਜਨ ਖਡੂਰ ਸਾਹਿਬ ਵਿਖੇ ਹੀ ਹੋਵੇਗਾ।

# ਜਥੇਦਾਰ ਜਹਾਂਗੀਰ ਤੇ ਉਨ੍ਹਾਂ ਦੇ ਬੇਟੇ ਨੇ ਜਾਣਿਆ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਸਿਹਤ ਦਾ ਹਾਲ



ਫਤਿਹ ਟਾਈਮਜ਼

ਚੰਡੀਗੜ੍ਹ, 31 ਅਗਸਤ (ਐਸ ਐਸ ਸੰਧਾ) ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ੍ਰ ਸੁਖਬੀਰ ਸਿੰਘ ਬਾਦਲ ਤੇ ਹੋਏ ਹਮਲੇ ਤੋਂ ਬਾਅਦ ਸ਼੍ਰੋਮਅਕਾਲੀ ਦਲ ਦੇ ਪੀ ਏ ਸੀ ਮੈਂਬਰ ਤੇ ਸੀਨੀਅਰ ਅਕਾਲੀ ਆਗੂ ਜਥੇਦਾਰ ਦਲਬੀਰ ਸਿੰਘ ਜਹਾਂਗੀਰ ਤੇ ਉਨ੍ਹਾਂ ਦੇ ਬੇਟੇ ਸ੍ਰ ਜਸਕਰਨ ਸਿੰਘ ਨੇ ਪ੍ਰਧਾਨ ਸ੍ਰ ਬਾਦਲ ਦੀ ਸਹਿਤ ਦਾ ਹਾਲ ਚਾਲ ਜਾਣਿਆ ਤੇ ਕਾਮਨਾ ਕੀਤੀ ਕਿ ਪ੍ਰਮਾਤਮਾ ਜਲਦੀ ਤੋਂ ਜਲਦੀ ਪ੍ਰਧਾਨ ਸਾਹਿਬ ਨੂੰ ਠੀਕ ਕਰੇ, ਜਿਥੇ ਸ, ਦਲਬੀਰ ਸਿੰਘ ਤੇ ਉਨ੍ਹਾਂ ਦੇ ਬੇਟੇ ਨੇ ਪ੍ਰਧਾਨ ਸਾਹਿਬ ਦਾ ਹਾਲ ਚਾਲ ਜਾਣਿਆ ਉਥੇ ਦਲਬੀਰ ਸਿੰਘ ਜਹਾਂਗੀਰ ਤੇ ਉਨ੍ਹਾਂ ਦੇ ਬੇਟੇ ਜਸਕਰਨ ਸਿੰਘ ਨੇ ਸ, ਸੁਖਬੀਰ ਸਿੰਘ ਬਾਦਲ ਸਾਹਿਬ ਦਾ ਤਹਿ ਦਿਲੋਂ ਧੰਨਵਾਦ ਕੀਤਾ ਕਿ ਉਹਨਾਂ ਨੇ ਸ, ਦਲਬੀਰ ਸਿੰਘ ਜਹਾਂਗੀਰ ਨੂੰ ਰਾਜਸੀ ਮੁਆਮਲਿਆਂ ਦੀ ਕਮੇਟੀ (ਪੀ ਏ ਸੀ) ਦਾ ਮੈਂਬਰ ਬਣਾ ਕੇ ਦਲਬੀਰ ਸਿੰਘ ਜਹਾਂਗੀਰ ਤੇ ਉਨ੍ਹਾਂ ਦੇ ਸਾਥੀਆਂ ਨੂੰ ਮਾਣ ਬਖਸਿਆ ਸ, ਦਲਬੀਰ ਸਿੰਘ ਜਹਾਂਗੀਰ ਨੇ ਪ੍ਰਧਾਨ ਸਾਹਿਬ ਸ, ਸੁਖਬੀਰ ਸਿੰਘ ਬਾਦਲ ਸਾਹਿਬ ਨੂੰ ਵਿਸਵਾਸ ਦਿਵਾਇਆ ਕਿ ਜਿਸ ਤਰ੍ਹਾਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦਿਨ ਰਾਤ ਇੱਕ ਕਰਕੇ ਸੇਵਾ ਕਰਦੇ ਸਨ, ਅੱਗੇ ਤੋਂ ਵੀ ਸ਼੍ਰੋਮਣੀ ਅਕਾਲੀ ਦਲ ਦੇ ਵਫਾਦਾਰ ਸਿਪਾਹੀ ਬਣ ਕੇ ਪਾਰਟੀ ਦੀ ਚੜ੍ਹਦੀ ਕਲਾ ਲਈ ਕੰਮ ਕਰਦੇ ਰਹਿਣਗੇ।

# ਸਮਾਜਸੇਵੀ ਪ੍ਰਭਸ਼ੇਰ ਸਿੰਘ ਫਤਿਹਾਬਾਦ ਨੇ ਜਥੇਦਾਰ ਪਨੂੰ ਨਾਲ ਕੀਤਾ ਦੁੱਖ ਸਾਂਝਾ



ਫਤਿਹ ਟਾਈਮਜ਼

ਖਡੂਰ ਸਾਹਿਬ, 31 ਅਗਸਤ (ਐਸ ਐਸ ਸੰਧਾ) ਸ਼੍ਰੋਮਣੀ ਅਕਾਲੀ ਦਲ ਦੇ ਕਸਬਾ ਸ੍ਰੀ ਗੋਇੰਦਵਾਲ ਸਾਹਿਬ ਤੋਂ ਸੀਨੀਅਰ ਆਗੂ ਅਤੇ ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਜਥੇਦਾਰ ਪ੍ਰੇਮ ਸਿੰਘ ਪਨੂੰ ਦੀ ਨੂੰਹ ਬੀਬੀ ਪਰਮਜੀਤ ਕੌਰ ਪਨੂੰ ਜੋ ਬੀਤੇ ਦਿਨ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ ਸਨ। ਇਸ ਸਬੰਧੀ ਸਮਾਜ ਸੇਵੀ ਨੌਜਵਾਨ ਆਗੂ ਪ੍ਰਭਸ਼ੇਰ ਸਿੰਘ ਫਤਿਹਾਬਾਦ ਜਥੇਦਾਰ ਪ੍ਰੇਮ ਸਿੰਘ ਪਨੂੰ ਨਾਲ ਦੁੱਖ ਸਾਂਝਾ ਕਰਨ ਉਨ੍ਹਾਂ ਦੇ ਗ੍ਰਹਿ ਵਿਖੇ ਪਹੁੰਚੇ। ਸ੍ਰ ਪ੍ਰਭਸ਼ੇਰ ਸਿੰਘ ਨੇ ਕਿਹਾ ਕਿ ਬੀਬੀ ਪਰਮਜੀਤ ਕੌਰ ਦੇ ਆਕਾਲ ਚਲਾਣਾ ਕਰ ਜਾਣ ਨਾਲ ਪਰਿਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ ਉਨ੍ਹਾਂ ਵਾਹਿਗੁਰੂ ਅੱਗੇ ਅਰਦਾਸ ਕਰਦਿਆਂ ਕਿਹਾ ਕਿ ਪ੍ਰਮਾਤਮਾ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਿਸ਼ ਕਰਨ ਅਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ। ਇਸ ਮੌਕੇ ਉਨ੍ਹਾਂ ਦੇ ਨਾਲ ਰਾਜਵਿੰਦਰ ਸਿੰਘ ਸਾਬਕਾ ਸਰਪੰਚ ਛਾਪੜੀ ਸਾਹਿਬ ਤੇ ਸਾਥੀ ਹਾਜ਼ਰ ਸਨ।

**ਲੇਖ ਅਤੇ ਕਵਿਤਾਵਾਂ ਵਿਚਲੇ ਵਿਚਾਰ ਲੇਖਕ ਜਾਂ ਕਵੀ ਦੇ ਨਿੱਜੀ ਵਿਚਾਰ ਹਨ ਜਿਸ ਨਾਲ ਅਦਾਰਾ ਫਤਿਹ ਟਾਈਮਜ਼ ਦੇ ਸੰਪਾਦਕ ਦਾ ਸਹਿਮਤ ਹੋਣਾ ਜਰੂਰੀ ਨਹੀਂ।**


## ਪੱਤਰਕਾਰਾਂ ਦੀ ਲੋੜ

ਅਦਾਰਾ ਫਤਿਹ ਟਾਈਮਜ਼ ਨੂੰ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਕਸਬਿਆਂ ਤੋਂ ਪੜ੍ਹੇ ਲਿਖੇ ਰਿਪੋਰਟਰਾਂ ਦੀ ਲੋੜ ਹੈ ਚਾਹਵਾਨ ਹੇਠ ਦਿੱਤੇ ਨੰਬਰ ਤੇ ਸੰਪਰਕ ਕਰਨ ।

ਮੋ:99885-37575


# ਬਾਬਾ ਜੀਵਨ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਨਿਵੇਕਲੇ ਢੰਗ ਨਾਲ ਮਨਾਉਣ ਲਈ ਵਿਚਾਰ-ਵਟਾਂਦਰਾ

ਫਤਿਹ ਟਾਈਮਜ਼

**ਸ਼ਹੀਦ ਬਾਬਾ ਜੀਵਨ ਸਿੰਘ ਭਾਈ ਜੈਤਾ ਜੀ ਸ਼ੋਸ਼ਲ ਐਂਡ ਵੈਲਫੇਅਰ ਸੁਸਾਇਟੀ ਦੇ ਮੈਂਬਰਾਂ ਦੀ ਹੋਈ ਵਿਸ਼ੇਸ਼ ਮੀਟਿੰਗ।**



ਜਗਰਾਉਂ, 31 ਅਗਸਤ (**ਸੰਜੀਵ ਅਰੋੜਾ**) ਸ਼ਹੀਦ ਬਾਬਾ ਜੀਵਨ ਸਿੰਘ ਭਾਈ ਜੈਤਾ ਜੀ ਸ਼ੋਸ਼ਲ ਐਂਡ ਵੈਲਫੇਅਰ ਸੁਸਾਇਟੀ ਪੰਜਾਬ ਦੇ ਪ੍ਰਧਾਨ ਅਤੇ ਉੱਘੇ ਵਾਤਾਵਰਣ ਪ੍ਰੇਮੀ ਰਿਟਾਇਰਡ ਇੰਸਪੈਕਟਰ ਪ੍ਰੇਮ ਸਿੰਘ ਭੰਗੂ ਦੀ ਅਗਵਾਈ ਹੇਠ ਸੁਸਾਇਟੀ ਦੇ ਮੈਂਬਰਾਂ ਦੀ ਇੱਕ ਵਿਸ਼ੇਸ਼ ਮੀਟਿੰਗ ਹੋਈ। ਮੀਟਿੰਗ ਦੌਰਾਨ ਮਹਾਨ ਸ਼ਹੀਦ ਬਾਬਾ ਜੀਵਨ ਸਿੰਘ ਜੀ ਦੇ 5 ਸਤੰਬਰ ਨੂੰ ਆ ਰਹੇ ਜਨਮ ਦਿਹਾੜੇ ਸਬੰਧੀ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਮੌਕੇ ਪ੍ਰੇਮ ਸਿੰਘ ਭੰਗੂ ਨੇ ਬਾਬਾ ਜੀਵਨ ਸਿੰਘ ਜੀ ਦੇ ਗੁਰੂ ਨੂੰ ਸਮਰਪਿਤ ਜੀਵਨ, ਉਨ੍ਹਾਂ ਦੀ ਅਦੁੱਤੀ ਸੇਵਾ-ਭਾਵਨਾ, ਸਿੱਖੀ ਪ੍ਰਤੀ ਦ੍ਰਿੜ੍ਹ ਨਿਸ਼ਠਾ ਅਤੇ ਕੌਮ ਲਈ ਦਿੱਤੀ ਮਹਾਨ ਕੁਰਬਾਨੀ ਸਬੰਧੀ ਵਿਚਾਰ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਬਾਬਾ ਜੀਵਨ ਸਿੰਘ ਜੀ ਦਾ ਜੀਵਨ ਸਮੁੱਚੀ ਸਿੱਖ ਕੌਮ ਲਈ ਪ੍ਰੇਰਣਾ ਦਾ ਸਰੋਤ ਹੈ ਅਤੇ ਉਨ੍ਹਾਂ ਵੱਲੋਂ ਗੁਰੂ ਸਾਹਿਬ ਪ੍ਰਤੀ ਦਿਖਾਈ ਗਈ ਅਟੁੱਟ ਸ਼ਰਧਾ ਅਤੇ ਸਮਰਪਣ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਚਾਨਣ ਮੁਨਾਰਾ ਹੈ।ਮੀਟਿੰਗ ਦੌਰਾਨ ਇਸ ਗੱਲ ’ਤੇ ਵੀ ਵਿਸ਼ੇਸ਼ ਜ਼ੋਰ ਦਿੱਤਾ ਗਿਆ ਕਿ ਬਾਬਾ ਜੀਵਨ ਸਿੰਘ ਜੀ ਦਾ ਜਨਮ ਦਿਹਾੜਾ ਸਿਰਫ਼ ਰਵਾਇਤੀ ਤੌਰ ’ਤੇ ਮਨਾਉਣ ਦੀ ਬਜਾਏ ਨਿਵੇਕਲੇ ਅਤੇ ਪ੍ਰੇਰਨਾਦਾਇਕ ਢੰਗ ਨਾਲ ਮਨਾਇਆ ਜਾਵੇ, ਤਾਂ ਜੋ ਨੌਜਵਾਨ ਪੀੜ੍ਹੀ ਨੂੰ ਬਾਬਾ ਜੀਵਨ ਸਿੰਘ ਜੀ ਦੇ ਜੀਵਨ, ਸੰਘਰਸ਼, ਸੇਵਾ ਅਤੇ ਕੁਰਬਾਨੀ ਤੋਂ ਜਾਣੂ ਕਰਵਾਇਆ ਜਾ ਸਕੇ। ਇਸ ਸਬੰਧੀ ਵੱਖ-ਵੱਖ ਸੁਝਾਅ ਪੇਸ਼ ਕੀਤੇ ਗਏ ਅਤੇ ਸਮਾਗਮ ਨੂੰ ਯਾਦਗਾਰੀ ਬਣਾਉਣ ਲਈ ਅਗਲੀ ਰੂਪ-ਰੇਖਾ ’ਤੇ ਵੀ ਵਿਚਾਰ ਕੀਤਾ ਗਿਆ। ਭੰਗੂ ਨੇ ਕਿਹਾ ਕਿ ਮਹਾਨ ਸ਼ਖ਼ਸੀਅਤਾਂ ਦੇ ਦਿਹਾੜੇ ਮਨਾਉਣ ਦਾ ਅਸਲ ਮਕਸਦ ਉਨ੍ਹਾਂ ਦੇ ਜੀਵਨ ਅਤੇ ਵਿਚਾਰਾਂ ਨੂੰ ਯਾਦ ਕਰਨਾ ਹੀ ਨਹੀਂ, ਸਗੋਂ ਉਨ੍ਹਾਂ ਵੱਲੋਂ ਦਰਸਾਏ ਸੇਵਾ, ਤਿਆਗ, ਸੱਚ ਅਤੇ ਮਨੁੱਖਤਾ ਦੇ ਮਾਰਗ ’ਤੇ ਚੱਲਣ ਲਈ ਸਮਾਜ ਨੂੰ ਪ੍ਰੇਰਿਤ ਕਰਨਾ ਵੀ ਹੈ। ਉਨ੍ਹਾਂ ਕਿਹਾ ਕਿ ਬਾਬਾ ਜੀਵਨ ਸਿੰਘ ਜੀ ਦੇ ਜੀਵਨ ਤੋਂ ਸਾਨੂੰ ਗੁਰੂ ਪ੍ਰਤੀ ਵਫ਼ਾਦਾਰੀ, ਨਿਡਰਤਾ, ਸੇਵਾ ਅਤੇ ਕੁਰਬਾਨੀ ਦੀ ਪ੍ਰੇਰਣਾ ਮਿਲਦੀ ਹੈ।ਉਨ੍ਹਾਂ ਇਹ ਵੀ ਕਿਹਾ ਕਿ ਸੁਸਾਇਟੀ ਵੱਲੋਂ ਸਮਾਜ ਸੇਵਾ ਅਤੇ ਵਾਤਾਵਰਣ ਦੀ ਸੰਭਾਲ ਨਾਲ ਜੁੜੇ ਕਾਰਜਾਂ ਨੂੰ ਅੱਗੇ ਵੀ ਜਾਰੀ ਰੱਖਿਆ ਜਾਵੇਗਾ ਅਤੇ ਮਹਾਨ ਸ਼ਹੀਦਾਂ ਦੀ ਯਾਦ ਨੂੰ ਸਮਾਜ ਭਲਾਈ ਦੇ ਕਾਰਜਾਂ ਨਾਲ ਜੋੜਨ ਲਈ ਯਤਨ ਕੀਤੇ ਜਾਣਗੇ। ਇਸ ਮੌਕੇ ਮਲਕੀਤ ਸਿੰਘ ਵਾਲੀਆ ਵਾਈਸ ਪ੍ਰਧਾਨ ਪੰਜਾਬ, ਜਗਰੂਪ ਸਿੰਘ ਚੇਅਰਮੈਨ, ਅਮਰਜੀਤ ਸਿੰਘ, ਗੁਰਜੰਟ ਸਿੰਘ, ਦਰਸ਼ਨ ਸਿੰਘ, ਗੁਰਜੀਤ ਸਿੰਘ, ਚਰਨਜੀਤ ਸਿੰਘ, ਗੁਰਮੁਖ ਸਿੰਘ, ਚਤਰ ਸਿੰਘ, ਦਰਸ਼ਨ ਸਿੰਘ, ਗੁਰਮੇਲ ਸਿੰਘ ਖੰਡੂਰ, ਬਲਵਿੰਦਰ ਸਿੰਘ, ਸੀਤਲ ਸਿੰਘ, ਗੁਰਸਿਮਰਨ ਸਿੰਘ, ਹਰਦੀਪ ਸਿੰਘ, ਕਮਲਜੀਤ ਸਿੰਘ, ਗੁਰਜੀਤ ਸਿੰਘ, ਜਗਦੇਵ ਸਿੰਘ, ਬਲਵਿੰਦਰ ਸਿੰਘ, ਰਵਿੰਦਰ ਸਿੰਘ, ਸੁਖਵਿੰਦਰ ਸਿੰਘ ਬਾਬਾ ਖੰਡੂਰ, ਜਗਰੂਪ ਸਿੰਘ, ਗੁਰਦਿਆਲ ਸਿੰਘ, ਹਰਮੀਤ ਸਿੰਘ, ਜਸਵੀਰ ਸਿੰਘ ਗੱਗੀ ਪੰਚ, ਮਨਪ੍ਰੀਤ ਸਿੰਘ, ਹਰਭਜਨ ਸਿੰਘ ਖਾਲਸਾ, ਸਤਵੰਤ ਸਿੰਘ, ਮਨਜੀਤ ਸਿੰਘ ਅਤੇ ਰਘਵੀਰ ਸਿੰਘ ਸਮੇਤ ਸੁਸਾਇਟੀ ਦੇ ਹੋਰ ਮੈਂਬਰ ਹਾਜ਼ਰ ਸਨ।

# ਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਬਰਾਬਰੀ ਅਤੇ ਸਾਂਝੀਵਾਲਤਾ ਦਾ ਸੰਦੇਸ਼ ਦਿੰਦੀ ਹੈ: ਭਾਈ ਬਲਰਾਮ ਸਿੰਘ

ਫਤਿਹ ਟਾਈਮਜ਼




ਮੁੱਲਾਂਪੁਰ ਦਾਖਾ, 31 ਅਗਸਤ (ਦਵਿੰਦਰ ਸਿੰਘ ਲੰਮੇ) : ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਦੁਆਰਾ ਮੇਲਸਰ ਸਾਹਿਬ ਪਮਾਲ ਵਿਖੇ ਵਿਸ਼ੇਸ਼ ਧਾਰਮਿਕ ਸਮਾਗਮ ਸ਼ਰਧਾ ਅਤੇ ਉਤਸ਼ਾਹ ਨਾਲ ਕਰਵਾਇਆ ਗਿਆ।ਸਮਾਗਮ ਦੌਰਾਨ ਸੰਤ ਬਾਬਾ ਬਲਰਾਮ ਸਿੰਘ ਜੀ ਭਵਾਨੀਪੁਰ ਵਾਲਿਆਂ ਨੇ ਕਥਾ-ਕੀਰਤਨ ਰਾਹੀਂ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ। ਉਨ੍ਹਾਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਪਵਿੱਤਰ ਬਾਣੀ ਦੇ ਹਵਾਲਿਆਂ ਰਾਹੀਂ ਕਿਹਾ ਕਿ ਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਮਨੁੱਖੀ ਬਰਾਬਰੀ, ਸਾਂਝੀਵਾਲਤਾ, ਭਾਈਚਾਰਕ ਸਾਂਝ ਅਤੇ ਮਨੁੱਖਤਾ ਦੀ ਸੇਵਾ ਦਾ ਸੰਦੇਸ਼ ਦਿੰਦੀ ਹੈ। ਇਸ ਮੌਕੇ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰਦਿਆਂ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।ਇਸ ਮੌਕੇ ਗੁਰਦੁਆਰਾ ਮੇਲਸਰ ਸਾਹਿਬ ਪਿੰਡ ਪਮਾਲ ਦੇ ਪ੍ਰਬੰਧਕਾਂ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 650ਵਾਂ ਪ੍ਰਕਾਸ਼ ਪੁਰਬ ਸਮੁੱਚੀ ਸੰਗਤ ਲਈ ਸ਼ਰਧਾ, ਮਾਣ ਅਤੇ ਖੁਸ਼ੀ ਦਾ ਮੌਕਾ ਹੈ। ਪਿੰਡ ਪਮਾਲੀ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਤੱਕ ਸਜਾਇਆ ਜਾਣ ਵਾਲਾ ਨਗਰ ਕੀਰਤਨ ਇਸ ਇਤਿਹਾਸਕ ਮੌਕੇ ਨੂੰ ਹੋਰ ਵੀ ਯਾਦਗਾਰ ਬਣਾਏਗਾ।ਉਨ੍ਹਾਂ ਕਿਹਾ ਕਿ ਗੁਰਦੁਆਰਾ ਮੇਲਸਰ ਸਾਹਿਬ ਵਿਖੇ ਕਰਵਾਏ ਗਏ ਧਾਰਮਿਕ ਸਮਾਗਮ ਦਾ ਮੁੱਖ ਉਦੇਸ਼ ਸੰਗਤਾਂ ਨੂੰ ਗੁਰਬਾਣੀ ਅਤੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਵਿਚਾਰਧਾਰਾ ਨਾਲ ਜੋੜਨਾ ਅਤੇ ਆਉਣ ਵਾਲੇ ਵਿਸ਼ਾਲ ਨਗਰ ਕੀਰਤਨ ਲਈ ਸੰਗਤਾਂ ਨੂੰ ਲਾਮਬੰਦ ਕਰਨਾ ਸੀ। ਉਨ੍ਹਾਂ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਕਿ 24 ਅਤੇ 25 ਅਕਤੂਬਰ ਨੂੰ ਸਜਾਏ ਜਾਣ ਵਾਲੇ ਨਗਰ ਕੀਰਤਨ ਵਿੱਚ ਪਰਿਵਾਰਾਂ ਸਮੇਤ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਾਮਲ ਹੋਣ । ਇਸ ਮੌਕੇ ਬਾਬਾ ਬਾਖਾ ਸਿੰਘ ਮੁੱਖ ਗ੍ਰੰਥੀ, ਪ੍ਰਧਾਨ ਬਲਦੇਵ ਸਿੰਘ , ਬਲਵੀਰ ਸਿੰਘ ਪਮਾਲੀ, ਸੁਖਵਿੰਦਰ ਸਿੰਘ ਗੋਲੂ, ਜਸਵੀਰ ਸਿੰਘ ਪਮਾਲੀ, ਸੂਬੇਦਾਰ ਗੁਰਮੀਤ ਸਿੰਘ , ਅਵਤਾਰ ਸਿੰਘ , ਪ੍ਰੇਮ ਸਿੰਘ , ਸਵਰਨ ਸਿੰਘ , ਦਰਸ਼ਨ ਸਿੰਘ, ਚਰਨ ਸਿੰਘ ਫੌਜੀ, ਬਲਦੇਵ ਸਿੰਘ, ਹਰੀ ਸਿੰਘ ਫੌਜੀ, ਹਰਦੇਵ ਸਿੰਘ ਪਮਾਲ, ਪ੍ਰਧਾਨ ਨਛੱਤਰ ਸਿੰਘ , ਜੋਰਾ ਸਿੰਘ , ਬਲਬੀਰ ਸਿੰਘ, ਸਰਪੰਚ ਬਲਵਿੰਦਰ ਸਿੰਘ , ਚਮਕੌਰ ਸਿੰਘ ਦਾਦ, ਹਰਬੰਸ ਸਿੰਘ ਭਨੋਹੜ, ਕੁਲਵਿੰਦਰ ਸਿੰਘ ਲਲਤੋਂ ਕਲਾਂ, ਦਰਸ਼ਨ ਸਿੰਘ , ਪ੍ਰਧਾਨ ਸ਼ਿੰਗਾਰਾ ਸਿੰਘ ਖੰਜਰਵਾਲ, ਰਵਿੰਦਰ ਸਿੰਘ , ਸੁਰਜੀਤ ਸਿੰਘ ਬੁਢੇਲ, ਬਿੰਦਰ ਸਿੰਘ ਬੁਢੇਲ, ਲਖਬੀਰ ਸਿੰਘ , ਜਸਬੀਰ ਸਿੰਘ ਜੱਸਾ,ਤੇਜਿੰਦਰ ਸਿੰਘ, ਜਸਦੇਵ ਸਿੰਘ ਅਤੇ ਦਲਜੀਤ ਸਿੰਘ ਆਦਿ ਹਾਜ਼ਰ ਸਨ।


FT ਹੱਕ ਸੱਚ ਦੀ ਆਵਾਜ਼ ਫਤਿਹ ਟਾਈਮਜ਼ CHANNEL

ਮਿਆਰੀ ਖਬਰਾਂ ਦੇਖਣ ਲਈ fatehtimes channel ਨੂੰ ਜ਼ਰੂਰ ਸਬਸਕ੍ਰਾਈਬ ਕਰੋ।

ਫਤਿਹ ਟਾਈਮਜ਼ ਚੈਂਨਲ ਤੇ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ ਮੋ; 99885-37575

# ਆਪ ਪੰਜਾਬ ਦੇ ਇੰਚਾਰਜ ਮਨੀਸ਼ ਸਿਸੋਦੀਆ ਅੱਜ ਜਗਰਾਉਂ 'ਚ





ਜਗਰਾਉਂ, 31 ਅਗਸਤ (**ਸੰਜੀਵ ਅਰੋੜਾ**) ਹਲਕਾ ਜਗਰਾਉਂ ਅਧੀਨ ਆਮ ਆਦਮੀ ਪਾਰਟੀ ਦੀਆਂ ਗਤੀਵਿਧੀਆਂ ਵਿੱਚ ਤੇਜੀ ਲਿਆਉਣ ਲਈ ਪਾਰਟੀ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਮਨੀਸ਼ ਸਿਸੋਦੀਆ ਅੱਜ 1 ਸਤੰਬਰ ਨੂੰ ਜਗਰਾਉਂ ਵਿਖੇ ਪਹੁੰਚ ਰਹੇ ਹਨ ਅਤੇ ਉਹ ਸਥਾਨਕ ਪਹਿਲਵਾਨ ਢਾਬਾ ਵਿਖੇ ਜਗਰਾਉਂ ਹਲਕੇ ਦੇ 194 ਬੂਥ ਇੰਚਾਰਜਾਂ ਅਤੇ ਪਾਰਟੀ ਦੇ ਵੱਖ-ਵੱਖ ਵਿੰਗਾਂ ਦੇ ਅਹੁਦੇਦਾਰਾਂ ਨਾਲ ਵਿਚਾਰ-ਚਰਚਾ ਕਰਨਗੇ। ਇਸ ਸਬੰਧ ਵਿੱਚ ਜਾਣਕਾਰੀ ਦਿੰਦੇ ਪਾਰਟੀ ਦੇ ਸੀਨੀਅਰ ਆਗੂ ਪ੍ਰੋਫੈਸਰ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਹਲਕਾ ਜਗਰਾਉਂ ਦੇ ਵਿਧਾਇਕਾ ਬੀਬੀ ਸਰਜਵਜੀਤ ਕੌਰ ਮਾਣੂੰਕੇ ਦੀ ਅਗਵਾਈ ਹੇਠ ਸਮੂਹ ਅਹੁਦੇਦਾਰਾਂ ਤੇ ਵਲੰਟੀਅਰਾਂ ਵੱਲੋਂ ਪੰਜਾਬ ਪ੍ਰਭਾਰੀ ਮਨੀਸ਼ ਸਿਸੋਦੀਆ ਜੀ ਦਾ ਨਿੱਘਾ ਸਵਾਗਤ ਕੀਤਾ ਜਾਵੇਗਾ। ਪ੍ਰੋਫੈਸਰ ਸੁਖਵਿੰਦਰ ਸਿੰਘ ਨੇ ਹੋਰ ਦੱਸਿਆ ਕਿ ਆਮ ਆਦਮੀ ਪਾਰਟੀ ਵੱਲੋਂ ਬੀਬੀ ਸਰਵਜੀਤ ਕੌਰ ਮਾਣੂੰਕੇ ਦੀ ਲਗਾਈ ਗਈ ਡਿਊਟੀ ਤਹਿਤ 2027 ਵਿੱਚ ਹਲਕਾ ਜਗਰਾਉਂ ਦਾ ਕਿਲਾ ਮੁੜ ਫਤਹਿ ਕਰਨ ਲਈ ਸਮੂਹ ਬੂਥ ਇੰਚਾਰਜਾਂ, ਅਹੁਦੇਦਾਰਾਂ ਅਤੇ ਵਲੰਟੀਅਰ ਸਾਥੀਆਂ ਨਾਲ ਚੱਲ ਰਹੀਆਂ ਸਰਗਰਮੀਆਂ ਦੀ ਸਮੀਖਿਆ ਕੀਤੀ ਜਾਵੇਗੀ ਅਤੇ ਆਗੂਆਂ ਦੀਆਂ ਡਿਊਟੀਆਂ ਲਗਾਈਆਂ ਜਾਣਗੀਆਂ, ਤਾਂ ਜੋ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਵੱਲੋਂ ਕਰਵਾਏ ਜਾ ਰਹੇ ਲੋਕ ਪੱਖੀ ਕੰਮਾਂ ਅਤੇ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾਇਆ ਜਾ ਸਕੇ। ਉਹਨਾਂ ਦੱਸਿਆ ਕਿ ਮਨੀਸ਼ ਸਿਸੋਦੀਆ ਜੀ ਨਾਲ ਮੀਟਿੰਗ ਕਰਨ ਲਈ ਬੂਥ ਇੰਚਾਰਜਾਂ, ਅਹੁਦੇਦਾਰਾਂ ਤੇ ਵਲੰਟੀਅਰਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।

# ਲਾਇਨਜ਼ ਕਲੱਬ ਮੇਨ ਗੋਨਿਆਣਾ ਵੱਲੋਂ ਬਲੱਡ ਸ਼ੂਗਰ ਚੈੱਕਅਪ ਕੈਂਪ



ਗੋਨਿਆਣਾ ਮੰਡੀ, 31 ਅਗਸਤ (ਗੋਲਡੀ ਮੱਕੜ) ਲਾਇਨਜ਼ ਕਲੱਬ ਮੇਨ ਗੋਨਿਆਣਾ ਵੱਲੋਂ ਕਲੱਬ ਦੇ ਪ੍ਰਧਾਨ ਮਨਦੀਪ ਸਿੰਘ ਮੱਕੜ ਦੀ ਅਗਵਾਈ ਹੇਠ ਬਲੱਡ ਸ਼ੂਗਰ ਚੈੱਕਅਪ ਕੈਂਪ ਲਗਾਇਆ ਗਿਆ। ਇਹ ਕੈਂਪ ਸਮੂਹ ਕਲੱਬ ਮੈਂਬਰਾਂ ਦੇ ਸਹਿਯੋਗ ਅਤੇ ਗਲੋਬਲ ਲੈਬ ਗੋਨਿਆਣਾ ਮੰਡੀ ਨੇੜੇ ਸਿੰਘ ਇਲੈਕਟ੍ਰਾਨਿਕ ਦੇ ਵਿਸ਼ੇਸ਼ ਸਹਿਯੋਗ ਨਾਲ ਉੱਤਰ ਰੇਲਵੇ ਪਾਰਕ ਵਿਖੇ ਆਯੋਜਿਤ ਕੀਤਾ ਗਿਆ। ਕੈਂਪ ਦੌਰਾਨ ਵੱਡੀ ਗਿਣਤੀ ਵਿੱਚ ਲੋਕਾਂ ਅਤੇ ਲੋੜਵੰਦ ਮਰੀਜ਼ਾਂ ਦੀ ਬਲੱਡ ਸ਼ੂਗਰ ਦੀ ਜਾਂਚ ਕੀਤੀ ਗਈ। ਇਸ ਮੌਕੇ ਕਲੱਬ ਦੇ ਮੈਂਬਰਾਂ ਨੇ ਕਿਹਾ ਕਿ ਅਜਿਹੇ ਸਿਹਤ ਜਾਂਚ ਕੈਂਪ ਲੋਕਾਂ ਨੂੰ ਆਪਣੀ ਸਿਹਤ ਪ੍ਰਤੀ ਜਾਗਰੂਕ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਕਲੱਬ ਪ੍ਰਧਾਨ ਮਨਦੀਪ ਸਿੰਘ ਮੱਕੜ ਨੇ ਕਿਹਾ ਕਿ ਲਾਇਨਜ਼ ਕਲੱਬ ਵੱਲੋਂ ਸਮਾਜ ਸੇਵਾ ਦੇ ਕਾਰਜ ਲਗਾਤਾਰ ਜਾਰੀ ਰੱਖੇ ਜਾਣਗੇ ਅਤੇ ਭਵਿੱਖ ਵਿੱਚ ਵੀ ਲੋਕਾਂ ਦੀ ਸਹੂਲਤ ਲਈ ਇਸ ਤਰ੍ਹਾਂ ਦੇ ਸਿਹਤ ਜਾਂਚ ਕੈਂਪ ਲਗਾਏ ਜਾਣਗੇ। ਕੈਂਪ ਦੌਰਾਨ ਸਕੱਤਰ ਹਰਦੀਪ ਸਿੰਘ ਗੋਨੀ ਸਰਾਂ, ਰਜਨੀਸ਼ ਕੁਮਾਰ ਰਾਜੂ, ਵਿਕਾਸ ਕੁਮਾਰ ਵਿੱਕੀ, ਪਵਨ ਜਿੰਦਲ, ਰੇਸ਼ਮ ਮੀਤੂ, ਸੁਖਪਾਲ ਸਿੰਘ ਬੁੱਟਰ, ਨਰੇਸ਼ ਕੁਮਾਰ, ਕੁਸ਼ਲ ਗਰਗ ਅਤੇ ਹੋਰ ਕਲੱਬ ਮੈਂਬਰ ਹਾਜ਼ਰ ਸਨ।


ਦਰਸ਼ਨ ਬੇਕਰੀ

ਮੇਨ ਰੋਡ ਫਤਿਆਬਾਦ, (ਤਰਨ ਤਾਰਨ)

ਇਥੋਂ ਕੇਕ,ਪੇਸਟੀਆਂ,ਹਰ ਤਰਾਂ ਦੇ ਬਿਸਕੁਟ,ਸੂਜੀ ਰਸ ,ਪੈਟੀਆਂ,ਕਰੀਮ ਰੋਲ ਹਰ ਸਮੇਂ ਤਿਆਰ ਲਵੋ।



ਕੁਲਜੀਤ ਸਿੰਘ ਲਾਡੀ

ਸੰਪਰਕ : 98721-51544, 98559-21544


# ਹਲਕਾ ਖਡੂਰ ਸਾਹਿਬ 13 ਸਤੰਬਰ ਵਾਲੀ ਪੰਜਾਬ ਬਚਾਓ ਰੈਲੀ ਹੋਵੇਗੀ ਇਤਿਹਾਸਕ ਰੈਲੀ : ਰਮਨਦੀਪ ਸੇਰੋਂ ਤੇ ਬਿੱਲਾ ਸ਼ੇਰੋ



**ਭੁਪਿੰਦਰ ਸਿੰਘ ਭਿੰਦਾ ਤੇ ਕਸ਼ਮੀਰ ਸਿੰਘ ਸਹੋਤਾ ਦੇ ਯਤਨਾਂ ਸਦਕਾ ਰਮਨਦੀਪ ਸੇਰੋਂ ਤੇ ਬਿੱਲਾ ਸ਼ੇਰੋ ਦੀ ਅਗਵਾਈ ਵਿੱਚ ਸ਼੍ਰੋਮਣੀ ਅਕਾਲੀ ਦਲ ਦਾ ਵਿਸ਼ਾਲ ਇਕੱਠ**

ਫਤਿਹਾਬਾਦ, 31 ਅਗਸਤ (ਐਸ ਐਸ ਸੰਧਾ/ਸ਼ੀਤਲ ਬਾਵਾ) ਸ਼੍ਰੋਮਣੀ ਅਕਾਲੀ ਦਲ ਦੇ ਬੀ ਸੀ ਵਿੰਗ ਦੇ ਹਲਕਾ ਪ੍ਰਧਾਨ ਭੁਪਿੰਦਰ ਸਿੰਘ ਭਿੰਦਾ ਤੇ ਸ੍ਰੋਮਣੀ ਅਕਾਲੀ ਦਲ ਦੇ ਐਸ ਸੀ ਵਿੰਗ ਦੇ ਹਲਕਾ ਖਡੂਰ ਸਾਹਿਬ ਤੋਂ ਪ੍ਰਧਾਨ ਕਸ਼ਮੀਰ ਸਿੰਘ ਸਹੋਤਾ ਦੇ ਯਤਨਾਂ ਸਦਕਾ ਕਸਬਾ ਫਤਿਹਾਬਾਦ ਵਿਖੇ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਬੀਬਾ ਰਮਨਦੀਪ ਕੌਰ ਸ਼ੇਰੋਂ ਅਤੇ ਸਰਪੰਚ ਅਵਤਾਰ ਸਿੰਘ ਬਿੱਲਾ ਸ਼ੇਰੋਂ ਦੀ ਅਗਵਾਈ ਹੇਠ ਵੱਡਾ ਇਕੱਠ ਹੋਇਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਅਕਾਲੀ ਵਰਕਰਾਂ ਅਤੇ ਆਗੂਆਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਅਕਾਲੀ ਆਗੂਆਂ ਅਤੇ ਵਰਕਰਾਂ ਨੇ ਇਕਜੁੱਟਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਕਰਕੇ ਪਾਰਟੀ ਦੇ ਉਮੀਦਵਾਰ ਨੂੰ ਭਾਰੀ ਬਹੁਮਤ ਨਾਲ ਜਿਤਾਉਣ ਲਈ ਪੂਰੀ ਤਨਦੇਹੀ ਨਾਲ ਕੰਮ ਕੀਤਾ ਜਾਵੇਗਾ। ਇਕੱਠ ਨੂੰ ਸੰਬੋਧਨ ਕਰਦਿਆਂ ਰਮਨਦੀਪ ਸ਼ੇਰੋਂ ਅਤੇ ਸਰਪੰਚ ਬਿੱਲਾ ਸ਼ੇਰੋਂ ਨੇ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਹਰ ਪਿੰਡ ਅਤੇ ਹਰ ਬੂਥ ਪੱਧਰ 'ਤੇ ਸ਼੍ਰੋਮਣੀ ਅਕਾਲੀ ਦਲ ਨੂੰ ਹੋਰ ਮਜ਼ਬੂਤ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਹਲਕੇ ਦੇ ਲੋਕਾਂ ਦੀਆਂ ਮੁਸ਼ਕਿਲਾਂ ਅਤੇ ਮੰਗਾਂ ਨੂੰ ਵਿਧਾਨ ਸਭਾ ਵਿੱਚ ਮਜ਼ਬੂਤ ਆਵਾਜ਼ ਨਾਲ ਉਠਾਉਣ ਲਈ ਅਕਾਲੀ ਦਲ ਦੀ ਮਜ਼ਬੂਤੀ ਜ਼ਰੂਰੀ ਹੈ। ਇਸ ਮੌਕੇ ਸਰਪੰਚ ਅਵਤਾਰ ਸਿੰਘ ਬਿੱਲਾ ਸ਼ੇਰੋਂ ਵੱਲੋਂ ਹਲਕਾ ਸ੍ਰੀ ਖਡੂਰ ਸਾਹਿਬ ਵਿਖੇ ਹੋਣ ਜਾ ਰਹੀ ਵਿਸ਼ਾਲ 'ਪੰਜਾਬ ਬਚਾਓ ਰੈਲੀ' ਸਬੰਧੀ ਵੀ ਵਰਕਰਾਂ ਨੂੰ ਜਾਣਕਾਰੀ ਦਿੱਤੀ ਗਈ। ਉਨ੍ਹਾਂ ਸਮੂਹ ਅਕਾਲੀ ਵਰਕਰਾਂ ਅਤੇ ਹਲਕਾ ਵਾਸੀਆਂ ਨੂੰ ਰੈਲੀ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਮੂਲੀਅਤ ਕਰਕੇ ਇਸ ਨੂੰ ਸਫ਼ਲ ਬਣਾਉਣ ਦਾ ਸੱਦਾ ਦਿੱਤਾ। ਇਸ ਮੌਕੇ ਅਕਾਲੀ ਦਲ ਦੇ ਮੀਤ ਪ੍ਰਧਾਨ ਕੁਲਦੀਪ ਸਿੰਘ ਔਲਖ,ਪੀ ਏ ਸੀ ਮੈਬਰ ਸਿਕੰਦਰ ਸਿੰਘ ਵਰਾਣਾ, ਬੀ ਸੀ ਪ੍ਰਧਾਨ ਭੁਪਿੰਦਰ ਸਿੰਘ ਭਿੰਦਾ, ਐਸ ਸੀ ਪ੍ਰਧਾਨ ਕਸ਼ਮੀਰ ਸਿੰਘ ਸਹੋਤਾ,ਸਾਬਕਾ ਸੰਮਤੀ ਮੈਂਬਰ ਤੇਜਿੰਦਰ ਸਿੰਘ ਪ੍ਰਿੰਸ,ਬੇਅੰਤ ਸਿੰਘ ਪੈਟਰੋਲ ਪੰਪ ਵਾਲੇ,ਬਲਵਿੰਦਰ ਸਿੰਘ ਸਾਬੀ ਮੈਂਬਰ,ਬਲਦੇਵ ਸਿੰਘ ਸ਼ੈਲਰ ਵਾਲੇ, ਕੁਲਦੀਪ ਸਿੰਘ ਕੰਬੋਜ, ਜਗਜੀਤ ਸਿੰਘ (ਮੈਂਬਰ ਪੰਚਾਇਤ), ਪ੍ਰਧਾਨ ਰਤਨ ਸਿੰਘ, ਚਰਨਜੀਤ ਸਿੰਘ ਬਿੱਟੂ, ਹਰੀਸ਼ ਕੁਮਾਰ ਗੁੱਜਰ, ਸੁਮੀਤ ਅਰੋੜਾ, ਗਿਆਨ ਸਿੰਘ ਦਿਓਲ, ਨੰਬਰਦਾਰ ਸੰਤੋਖ ਸਿੰਘ, ਬਲਦੇਵ ਸਿੰਘ ਟੈਂਟ ਵਾਲ਼ੇ, ਮਲਕੀਤ ਸਿੰਘ ਠੇਕੇਦਾਰ, ਕੁਲਜੀਤ ਸਿੰਘ ਚਾਵਲਾ,ਭੋਲਾ ਚਾਵਲਾ,ਸਾਬੀ ਮੈਂਬਰ,ਸੰਤੋਖ਼ ਸਿੰਘ ਅਟਵਾਲ, ਸ਼ਿਵ ਸਿੰਘ, ਕੁਲਵੰਤ ਸਿੰਘ, ਜੰਗਸ਼ੇਰ ਸਿੰਘ ਟੋਨੀ,ਮਾਸਟਰ ਮਹਿੰਦਰ ਸਿੰਘ ਅਤੇ ਰਜਿੰਦਰ ਸਿੰਘ ਹਾਜ਼ਰ ਸਨ।

# ਨੇਪਾਲ ਦੇ ਹੜ੍ਹਾਂ ਵਿੱਚ ਲਾਪਤਾ ਸਮਸ਼ੇਰ ਸਿੰਘ ਰੱਤੋਕੇ ਦੇ ਪਰਿਵਾਰ ਦੀ ਹਰ ਸੰਭਵ ਮਦਦ ਕਰਾਂਗੇ: ਰਮਨਦੀਪ ਸਿੰਘ ਭਰੋਵਾਲ



ਤਰਨ ਤਾਰਨ, 31 ਅਗਸਤ (ਐਸ ਐਸ ਸੰਧਾ) ਨੇਪਾਲ ਵਿੱਚ ਆਈ ਭਿਆਨਕ ਕੁਦਰਤੀ ਆਫ਼ਤ ਅਤੇ ਹੜ੍ਹਾਂ ਦੌਰਾਨ ਪਿੰਡ ਰੱਤੋਕੇ ਦੇ ਵਸਨੀਕ ਸਮਸ਼ੇਰ ਸਿੰਘ ਦੇ ਲਾਪਤਾ ਹੋਣ ਦੀ ਦੁਖਦਾਈ ਖ਼ਬਰ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਦੇ ਹਲਕਾ ਖਡੂਰ ਸਾਹਿਬ ਦੇ ਸੀਨੀਅਰ ਆਗੂ ਰਮਨਦੀਪ ਸਿੰਘ ਭਰੋਵਾਲ ਨੇ ਅੱਜ ਸਮਸ਼ੇਰ ਸਿੰਘ ਦੇ ਪਰਿਵਾਰ ਨਾਲ ਮੁਲਾਕਾਤ ਕਰਕੇ ਉਨ੍ਹਾਂ ਨਾਲ ਦੁੱਖ ਸਾਂਝਾ ਕੀਤਾ। ਇਸ ਮੌਕੇ ਭਰੋਵਾਲ ਨੇ ਪਰਿਵਾਰਕ ਮੈਂਬਰਾਂ ਧਰਮਪਤਨੀ ਬਲਜਿੰਦਰ ਕੌਰ ਭਰਾ ਗੁਰਜੰਟ ਸਿੰਘ, ਚਾਚਾ ਸ ਕੁਲਵੰਤ ਸਿੰਘ ਨਾਲ ਵਿਸਥਾਰ ਵਿੱਚ ਗੱਲਬਾਤ ਕਰਦਿਆਂ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਇਸ ਦੁੱਖ ਦੀ ਘੜੀ ਵਿੱਚ ਉਹ ਪਰਿਵਾਰ ਦੇ ਨਾਲ ਖੜ੍ਹੇ ਹਨ ਅਤੇ ਸਮਸ਼ੇਰ ਸਿੰਘ ਦੀ ਭਾਲ ਲਈ ਹਰ ਸੰਭਵ ਪੱਧਰ 'ਤੇ ਯਤਨ ਕੀਤੇ ਜਾਣਗੇ। ਸ੍ਰ ਭਰੋਵਾਲ ਨੇ ਕਿਹਾ ਕਿ ਉਹ ਇਸ ਮਾਮਲੇ ਨੂੰ ਭਾਰਤੀ ਜਨਤਾ ਪਾਰਟੀ ਦੀ ਹਾਈਕਮਾਂਡ ਦੇ ਧਿਆਨ ਵਿੱਚ ਲਿਆਉਣਗੇ ਅਤੇ ਕੇਂਦਰ ਸਰਕਾਰ ਦੇ ਸਬੰਧਤ ਵਿਭਾਗਾਂ ਅਤੇ ਅਧਿਕਾਰੀਆਂ ਰਾਹੀਂ ਨੇਪਾਲ ਸਰਕਾਰ ਕੋਲ ਸਮਸ਼ੇਰ ਸਿੰਘ ਦੀ ਭਾਲ ਲਈ ਲੋੜੀਂਦੇ ਯਤਨ ਤੇਜ਼ ਕਰਨ ਦੀ ਮੰਗ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜਦੋਂ ਕਿਸੇ ਪਰਿਵਾਰ ਦਾ ਆਪਣਾ ਜੀਅ ਅਚਾਨਕ ਕੁਦਰਤੀ ਆਫ਼ਤ ਦੌਰਾਨ ਲਾਪਤਾ ਹੋ ਜਾਵੇ ਤਾਂ ਉਸ ਪਰਿਵਾਰ ਉੱਤੇ ਕੀ ਬੀਤਦੀ ਹੈ, ਇਸ ਦਾ ਅੰਦਾਜ਼ਾ ਲਗਾਉਣਾ ਵੀ ਮੁਸ਼ਕਲ ਹੈ। ਇਸ ਲਈ ਸਰਕਾਰਾਂ ਅਤੇ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਲਾਪਤਾ ਵਿਅਕਤੀ ਦੀ ਭਾਲ ਲਈ ਹਰ ਸੰਭਵ ਸਰੋਤ ਦੀ ਵਰਤੋਂ ਕੀਤੀ ਜਾਵੇ। ਸ੍ਰ ਭਰੋਵਾਲ ਨੇ ਕਿਹਾ ਕਿ ਸਮਸ਼ੇਰ ਸਿੰਘ ਦੀ ਸਹੀ ਜਾਣਕਾਰੀ ਅਤੇ ਸੁਰੱਖਿਅਤ ਵਾਪਸੀ ਪਰਿਵਾਰ ਦੀ ਸਭ ਤੋਂ ਵੱਡੀ ਉਮੀਦ ਹੈ, ਇਸ ਲਈ ਇਸ ਮਾਮਲੇ ਨੂੰ ਸਿਰਫ਼ ਇੱਕ ਪਰਿਵਾਰ ਦਾ ਮਾਮਲਾ ਨਾ ਸਮਝ ਕੇ ਮਨੁੱਖੀ ਪੱਧਰ 'ਤੇ ਗੰਭੀਰਤਾ ਨਾਲ ਲਿਆ ਜਾਣਾ ਚਾਹੀਦਾ ਹੈ। ਭਰੋਵਾਲ ਨੇ ਕਿਹਾ ਕਿ ਉਹ ਆਪਣੇ ਪੱਧਰ 'ਤੇ ਵੀ ਲਗਾਤਾਰ ਸੰਪਰਕ ਵਿੱਚ ਰਹਿਣਗੇ ਅਤੇ ਜਿੱਥੇ ਵੀ ਕਿਸੇ ਤਰ੍ਹਾਂ ਦੀ ਸਹਾਇਤਾ ਦੀ ਲੋੜ ਪਵੇਗੀ, ਉੱਥੇ ਪੂਰੀ ਕੋਸ਼ਿਸ਼ ਕੀਤੀ ਜਾਵੇਗੀ। ਸ੍ਰ ਭਰੋਵਾਲ ਨੇ ਅੱਗੇ ਕਿਹਾ ਕਿ ਸਮਸ਼ੇਰ ਸਿੰਘ ਦੇ ਪਰਿਵਾਰ ਦੀ ਆਰਥਿਕ ਹਾਲਤ ਕਮਜ਼ੋਰ ਹੈ, ਜਿਸ ਕਾਰਨ ਇਸ ਸੰਕਟ ਦੀ ਘੜੀ ਵਿੱਚ ਪਰਿਵਾਰ ਨੂੰ ਆਰਥਿਕ ਸਹਾਇਤਾ ਦੀ ਵੀ ਲੋੜ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਸਰਕਾਰ ਦੀਆਂ ਕੁਦਰਤੀ ਆਫ਼ਤਾਂ ਨਾਲ ਸਬੰਧਤ ਰਾਹਤ ਵਿਵਸਥਾਵਾਂ ਅਤੇ ਫੰਡਾਂ ਤਹਿਤ ਪਰਿਵਾਰ ਨੂੰ ਬਣਦੀ ਸਹਾਇਤਾ ਦਿਵਾਉਣ ਲਈ ਵੀ ਹਰ ਸੰਭਵ ਯਤਨ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਉਹ ਇਸ ਮਾਮਲੇ ਸਬੰਧੀ ਪਾਰਟੀ ਹਾਈਕਮਾਂਡ ਅਤੇ ਕੇਂਦਰ ਸਰਕਾਰ ਦੇ ਸਬੰਧਤ ਮੰਤਰਾਲਿਆਂ/ਅਧਿਕਾਰੀਆਂ ਤੱਕ ਪਹੁੰਚ ਕਰਕੇ ਪਰਿਵਾਰ ਦੀ ਆਵਾਜ਼ ਨੂੰ ਮਜ਼ਬੂਤੀ ਨਾਲ ਉਠਾਉਣਗੇ, ਤਾਂ ਜੋ ਨੇਪਾਲ ਵਿੱਚ ਲਾਪਤਾ ਹੋਏ ਸਮਸ਼ੇਰ ਸਿੰਘ ਦੀ ਭਾਲ ਲਈ ਯਤਨਾਂ ਵਿੱਚ ਕੋਈ ਕਮੀ ਨਾ ਰਹੇ।

ਇਸ ਮੌਕੇ ਭਰੋਵਾਲ ਨੇ ਪਰਿਵਾਰ ਨੂੰ ਹੌਸਲਾ ਦਿੰਦਿਆਂ ਕਿਹਾ ਕਿ ਮੁਸ਼ਕਲ ਦੀ ਇਸ ਘੜੀ ਵਿੱਚ ਉਹ ਆਪਣੇ ਆਪ ਨੂੰ ਇਕੱਲਾ ਨਾ ਸਮਝਣ। ਉਨ੍ਹਾਂ ਕਿਹਾ ਕਿ ਸਮਸ਼ੇਰ ਸਿੰਘ ਦੀ ਭਾਲ ਅਤੇ ਪਰਿਵਾਰ ਦੀ ਸਹਾਇਤਾ ਲਈ ਉਹ ਆਪਣੀ ਸਮਰੱਥਾ ਅਨੁਸਾਰ ਹਰ ਸੰਭਵ ਯਤਨ ਜਾਰੀ ਰੱਖਣਗੇ। ਉਨ੍ਹਾਂ ਨਾਲ ਸਰਕਲ ਪ੍ਰਧਾਨ ਬਾਬਾ ਖੁਸਪਿੰਦਰ ਸਿੰਘ ਬ੍ਰਹਮਪੁਰਾ, ਜਨਰਲ ਸਕੱਤਰ ਜਵਾਹਰ ਨਈਅਰ, ਮੀਤ ਪ੍ਰਧਾਨ ਨਿਸ਼ਾਨ ਸਿੰਘ, ਲੱਖਾ ਸਿੰਘ ਚੋਹਲਾ ਸਾਹਿਬ, ਭੁਪਿੰਦਰ ਸਿੰਘ ਟੀਟੂ,ਤਰਸੇਮ ਸਿੰਘ ਛਾਪੜੀ ਸਾਹਿਬ, ਗੁਰਪ੍ਰੀਤ ਸਿੰਘ. ਆਦਿ ਹਾਜ਼ਰ ਸਨ।


ਫਤਿਹ ਟਾਈਮਜ਼ CHANNEL ਹੱਕ ਸੱਚ ਦੀ ਆਵਾਜ਼

ਮਿਆਰੀ ਖਬਰਾਂ ਦੇਖਣ ਲਈ fatehtimes channel ਨੂੰ ਜਰੂਰ ਸਬਸਕਰਾਈਬ ਕਰੋ।

ਫਤਿਹ ਟਾਈਮਜ਼ ਚੈਂਨਲ ਤੇ ਖਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ ਮੋ; 99885-37575